# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ
# ਮਿਤੀ 6.11.2020
# ਦੀ ਕਾਰਵਾਈ

(ਮਤਾ ਨੰ: 3 ਤੋਂ 42 ਤੱਕ )

# ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 6.11.2020 ਨੂੰ ਹੋਈ ਦੀ ਕਾਰਵਾਈ ।

ਮਿਤੀ 6.11.2020 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਹੋਟਲ ਰੀਜੈਂਟ ਪਾਰਕ, ਗੁਜਰਾਲ ਨਗਰ, ਜਲੰਧਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ |
|---|---|---|
| 1. | 48 | ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 1 | ਸ਼੍ਰੀਮਤੀ ਤਮਨਰੀਤ ਕੌਰ, ਕੌਂਸਲਰ |
| 4. | 2 | ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ |
| 5. | 3 | ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ |
| 6. | 4 | ਸ਼੍ਰੀ ਪਰਮਜੀਤ ਸਿੰਘ, ਕੌਂਸਲਰ |
| 7. | 6 | ਸ਼੍ਰੀ ਨਿਰਮਲ ਸਿੰਘ, ਕੌਂਸਲਰ |
| 8. | 8 | ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ |
| 9. | 9 | ਸ਼੍ਰੀਮਤੀ ਮਨਦੀਪ ਕੌਰ, ਕੌਂਸਲਰ |
| 10. | 10 | ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ |
| 11. | 11 | ਸ਼੍ਰੀਮਤੀ ਪ੍ਰਵੀਨਾ, ਕੌਂਸਲਰ |
| 12. | 12 | ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ |
| 13. | 13 | ਸ਼੍ਰੀਮਤੀ ਬਿਮਲਾ ਰਾਨੀ, ਕੌਂਸਲਰ |
| 14. | 15 | ਸ਼੍ਰੀਮਤੀ ਡੋਲੀ, ਕੌਂਸਲਰ |
| 15. | 16 | ਸ਼੍ਰੀ ਮਨਮੋਹਣ ਸਿੰਘ, ਕੌਂਸਲਰ |
| 16. | 17 | ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 17. | 18 | ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ |
| 18. | 19 | ਸ਼੍ਰੀਮਤੀ ਊਮਾ ਬੇਰੀ, ਕੌਂਸਲਰ |
| 19. | 20 | ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ |
| 20. | 21 | ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ |
| 21. | 22 | ਸ਼੍ਰੀ ਪ੍ਰਭਦਿਆਲ, ਕੌਂਸਲਰ |
| 22. | 23 | ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ |
| 23. | 24 | ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ |
| 24. | 25 | ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ |
| 25. | 26 | ਸ਼੍ਰੀ ਰੋਹਨ ਸਹਿਗਲ, ਕੌਂਸਲਰ |
| 26. | 28 | ਸ਼੍ਰੀ ਬਲਰਾਜ ਠਾਕੁਰ, ਕੌਂਸਲਰ |
| 27. | 30 | ਸ਼੍ਰੀ ਪਵਨ ਕੁਮਾਰ, ਕੌਂਸਲਰ |
| 28. | 32 | ਸ਼੍ਰੀ ਸੁੱਚਾ ਸਿੰਘ, ਕੌਂਸਲਰ |
| 29. | 33 | ਸ਼੍ਰੀਮਤੀ ਕਮਲਾ ਰਾਣੀ , ਕੌਂਸਲਰ |
| 30. | 34 | ਸ਼੍ਰੀ ਤਰਸੇਮ ਸਿੰਘ, ਕੌਂਸਲਰ |
| 31. | 35 | ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ |
| 32. | 36 | ਸ਼੍ਰੀ ਬਚਨ ਲਾਲ, ਕੌਂਸਲਰ |
| 33. | 38 | ਸ਼੍ਰੀ ਓਮਕਾਰ ਰਜੀਵ, ਕੌਂਸਲਰ |
| 34. | 40 | ਸ਼੍ਰੀ ਵਰੇਸ਼ ਕੁਮਾਰ, ਕੌਂਸਲਰ |
| 35. | 41 | ਸ਼੍ਰੀਮਤੀ ਅਨੀਤਾ, ਕੌਂਸਲਰ |
| 36. | 42 | ਸ਼੍ਰੀਮਤੀ ਸੁਨੀਤਾ, ਕੌਂਸਲਰ |
| 37. | 43 | ਸ਼੍ਰੀਮਤੀ ਬਬੀਤਾ ਰਾਣੀ, ਕੌਂਸਲਰ |
| 38. | 45 | ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ |
| 39. | 46 | ਸ਼੍ਰੀਮਤੀ ਅਨੀਤਾ, ਕੌਂਸਲਰ |
| 40. | 49 | ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ |
| 41. | 51 | ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ |

| | | |
|---|---|---|
| 42. | 52 | ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ |
| 43. | 53 | ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ |
| 44. | 54 | ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ |
| 45. | 56 | ਸ਼੍ਰੀ ਪੱਲੀ ਅੱਪਨ, ਕੌਂਸਲਰ |
| 46. | 58 | ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ |
| 47. | 59 | ਸ਼੍ਰੀਮਤੀ ਰੀਨਾ, ਕੌਂਸਲਰ |
| 48. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 49. | 61 | ਸ਼੍ਰੀਮਤੀ ਰਿਸ਼ਮਾ ਖੋਸਲਾ, ਕੌਂਸਲਰ |
| 50. | 62 | ਸ਼੍ਰੀਦੀਪਕ ਸ਼ਾਰਦਾ ਕੌਂਸਲਰ |
| 51. | 63 | ਸ਼੍ਰੀਮਤੀ ਜਸਵਿੰਦਰ ਕੌਰ, ਕੌਂਸਲਰ |
| 52. | 64 | ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ |
| 53. | 65 | ਸ਼੍ਰੀਮਤੀ ਅੰਜਲੀ , ਕੌਂਸਲਰ |
| 54. | 66 | ਸ਼੍ਰੀ ਦਵਿੰਦਰ ਸਿੰਘ, ਕੌਂਸਲਰ |
| 55. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ |
| 56. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ |
| 57. | 69 | ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ |
| 58. | 70 | ਸ਼੍ਰੀ ਗਿਆਨ ਚੰਦ, ਕੌਂਸਲਰ |
| 59. | 71 | ਸ਼੍ਰੀਮਤੀ ਸਤਿੰਦਰਜੀਤ ਕੌਰ, ਕੌਂਸਲਰ |
| 60. | 73 | ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ |
| 61. | 74 | ਸ਼੍ਰੀ ਮਦਨ ਲਾਲ, ਕੌਂਸਲਰ |
| 62. | 75 | ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ |
| 63. | 77 | ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ |
| 64. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |
| 65. | 80 | ਸ਼੍ਰੀ ਦੇਸ ਰਾਜ ਜੱਸਲ, ਕੌਂਸਲਰ |

ਕੁਲ ਹਾਜ਼ਰ ਮੈਂਬਰ: 65

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.11.2020

ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦੀਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾ ਕੁੱਝ ਦੀਵੰਗਤ ਆਤਮਾਵਾਂ ਜ਼ੋ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ, ਜਿਹਨਾਂ ਵਿੱਚੋ :-

1. ਸ਼੍ਰੀ ਪ੍ਰਨਬ ਮੁਖਰਜੀ, ਸਾਬਕਾ ਰਾਸ਼ਟਰਪਤੀ
2. ਸ਼੍ਰੀ ਅਰੁਣ ਜੈਨ, ਸਾਡੇ ਕੌਂਸਲਰ ਸ਼੍ਰੀਮਤੀ ਨੀਰਜਾ ਜੈਨ ਦੇ ਪਤੀ
3. ਸ਼੍ਰੀਮਤੀ ਹਰਬੰਸ ਕੌਰ, ਕੌਂਸਲਰ ਸ਼੍ਰੀ ਦਵਿੰਦਰ ਸਿੰਘ ਰੋਨੀ ਦੀ ਮਾਤਾ ਜੀ
4. ਸ਼੍ਰੀ ਕਮਲ ਸ਼ਰਮਾ, ਸਾਬਕਾ ਕੌਂਸਲਰ
5. ਸ਼੍ਰੀ ਵਿਜੇ.ਕੇ.ਕੁਮਾਰ, ਸਾਬਕਾ ਕੌਂਸਲਰ
6 ਸ਼੍ਰੀ ਕੁੰਦਨ ਕੁਮਾਰ, ਫਾਇਰਮੈਨ
7. ਸ਼੍ਰੀ ਮਦਨ ਲਾਲ ਖਿੰਦਰ, ਕੌਂਸਲਰ ਦੇ ਭਰਾ ਸ਼੍ਰੀ ਵਿਜੇ ਖਿੰਦਰ ਸਨ

ਮੈਂ ਸਮੂਹ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।ਜਿਸ ਤੇ ਸ਼੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਹਾਥਰਸ (ਉੱਤਰ ਪ੍ਰਦੇਸ਼) ਵਿਖੇ ਇਕ ਮਨੀਸ਼ਾ ਨਾਮ ਦੀ ਦਲਿਤ ਲੜਕੀ ਨਾਲ ਹੋਏ ਜਬਰ ਜਨਾਹ ਅਤੇ ਕਤਲ ਹੋਣ ਸ਼ਰਧਾ ਦੇ ਫੁਲ ਭੇਂਟ ਕੀਤੇ।

ਇਹਨਾਂ ਪ੍ਰਤੀ ਖੜੇ ਹੋ ਕੇ ਦੋਂ ਮਿੰਟ ਦਾ ਮੋਨ ਧਾਰਨ ਕਰੀਏ।

ਇਸ ਉਪਰੰਤ ਮੇਅਰ ਜੀ ਵਲੋਂ ਆਦੇਸ਼ ਦਿੱਤੇ ਗਏ ਕਿ ਮੀਟਿੰਗ 5 ਮਿੰਟ ਲਈ ਮੁਲਤਵੀ ਕੀਤੀ ਜਾਂਦੀ ਹੈ।

ਮੇਅਰ
6.11.2020

ਮੇਅਰ ਜੀ ਨੇ ਸਮੂਹ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ 7-8 ਮਹੀਨਿਆਂ ਤੋਂ ਕੋਵਿਡ-19 ਮਹਾਂਮਾਰੀ ਕਾਰਨ ਨਗਰ ਨਿਗਮ ਹਾਊਸ ਦੀ ਮੀਟਿੰਗ ਨਹੀਂ ਹੋ ਸਕੀ । ਮੀਟਿੰਗ ਲਈ ਕਈ ਵਾਰ ਡਿਪਟੀ ਕਮਿਸ਼ਨਰ, ਜਲੰਧਰ ਨੂੰ ਬੇਨਤੀ ਕੀਤੀ ਗਈ ਪਰ ਉਹਨਾਂ ਵਲੋਂ ਸਹਿਮਤੀ ਨਹੀਂ ਦਿੱਤੀ ਗਈ । ਅੱਜ ਦੀ ਮੀਟਿੰਗ ਲਈ ਕਮਿਸ਼ਨਰ, ਨਗਰ ਨਿਗਮ ਜਲੰਧਰ ਵਲੋਂ ਡਿਪਟੀ ਕਮਿਸ਼ਨਰ, ਜਲੰਧਰ, ਅਤੇ ਸਰਕਾਰ ਨਾਲ ਗੱਲ ਕਰਕੇ ਰੱਖੀ ਗਈ ਹੈ ।

ਉਹਨਾਂ ਬੋਲਦਿਆਂ ਕਿਹਾ ਕਿ ਕੋਵਿਡ ਦੌਰਾਨ ਵੀ ਨਗਰ ਨਿਗਮ ਵਲੋਂ ਸ਼ਹਿਰ ਦੀ ਬੇਹਤਰੀ ਲਈ ਕਈ ਵਿਕਾਸ ਦੇ ਕੰਮ ਕਰਵਾਏ ਗਏ ਹਨ । ਆਵਾਰਾ ਕੁੱਤਿਆਂ ਦੀ ਨਸਬੰਦੀ ਵਾਲਾ ਪ੍ਰੋਜੈਕਟ ਬੰਦ ਨਹੀਂ ਕੀਤਾ ਗਿਆ ਅਤੇ ਲਗਾਤਾਰ ਜਾਰੀ ਹੈ। ਹੁਣ ਤੱਕ 19559 ਆਵਾਰਾ ਕੁੱਤਿਆਂ ਦੀ ਨਸਬੰਦੀ ਕੀਤੀ ਜਾ ਚੁੱਕੀ ਹੈ । ਜੇਕਰ ਪਿਛਲੇ ਹਾਊਸ ਦੀ ਗੱਲ ਕਰੀਏ ਤਾਂ ਉਸ ਵੇਲੇ ਇਹਨਾਂ ਦੀ ਗਿਣਤੀ 15 ਤੋਂ 20 ਹਜ਼ਾਰ ਦੱਸੀ ਜਾਂਦੀ ਸੀ ਜਦ ਕਿ ਅਸੀਂ ਹੁਣ ਤੱਕ 19559 ਦੀ ਨਸਬੰਦੀ ਕਰਵਾ ਚੁੱਕੇ ਹਾਂ ਅਤੇ ਇਹਨਾਂ ਦੀ ਗਿਣਤੀ ਲਗਭਗ 35 ਹਜ਼ਾਰ ਦੇ ਕਰੀਬ ਹੈ । ਕੰਪਨੀ ਦੇ ਨਾਲ ਇਕਰਾਰਨਾਮੇ ਅਨੁਸਾਰ ਦੋ ਸਾਲਾਂ ਤੋਂ ਇਹ ਕੰਮ ਜਾਰੀ ਹੈ ਅਤੇ ਹੁਣ ਨਵਾਂ ਟੈਂਡਰ ਮੁੜ੍ਹ ਚਾਲੂ ਹੋ ਗਿਆ ਹੈ। ਆਵਾਰਾ ਜਾਨਵਰਾਂ ਦੀ ਜੇਕਰ ਗੱਲ ਕਰੀਏ ਤਾਂ ਹੁਣ ਤੱਕ 1722 ਜਾਨਵਰ ਫਰੀਦਕੋਟ ਵਿਖੇ ਅਤੇ 188 ਜਾਨਵਰ ਸ਼ਾਹਕੋਟ ਗਊਸ਼ਾਲਾ ਵਿਖੇ ਸ਼ਿਫਟ ਕਰਵਾ ਦਿੱਤੇ ਗਏ ਹਨ ਅਤੇ ਇਹਨਾਂ ਜਾਨਵਰਾਂ ਦੇ ਰੱਖ ਰਖਾਓ ਲਈ 32/- ਰੁਪਏ ਪ੍ਰਤੀ ਜਾਨਵਰ ਰੋਜ਼ਾਨਾ ਨਗਰ ਨਿਗਮ ਵਲੋਂ ਅਦਾ ਕੀਤੇ ਜਾ ਰਹੇ ਹਨ ।

ਸਵੱਛ ਭਾਰਤ ਮਿਸ਼ਨ ਤਹਿਤ ਸਾਲ 2018 ਵਿੱਚ ਜਲੰਧਰ ਸ਼ਹਿਰ ਦੀ ਰੈਂਕਿੰਗ 215 ਸੀ, ਸਾਲ 2019 ਵਿੱਚ ਇਹ ਰੈਂਕਿੰਗ ਸੁਧਰ ਕੇ 166 ਆਈ ਸੀ ਤੇ ਸਾਲ 2020 ਵਿੱਚ ਇਹ ਰੈਂਕਿੰਗ 119 ਤੇ ਆਈ ਹੈ । ਇਸ ਲਈ ਮੈਂ ਸਮੂਹ ਕੌਂਸਲਰਾਂ, ਨਿਗਮ ਅਧਿਕਾਰੀਆਂ ਅਤੇ ਕਰਮਚਾਰੀਆਂ ਤੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਸ ਨੂੰ ਹੋਰ ਵੀ ਸੁਧਾਰਣ ਲਈ ਸਾਰੇ ਯਤਨਸ਼ੀਲ ਰਹਿਣਗੇ ।

ਅਮਰੁਤ ਪ੍ਰੋਜੈਕਟ ਤਹਿਤ 101 ਕਰੋੜ ਰੁਪਏ ਦੇ ਬੀ ਐਂਡ ਆਰ ਦੇ ਵਿਕਾਸ ਦੇ ਕੰਮ ਕਰਵਾਏ ਗਏ ਹਨ। ਨਗਰ ਨਿਗਮ ਫੰਡਾਂ ਤਹਿਤ 10627 ਲੱਖ ਰੁਪਏ ਦੇ ਕੰਮ ਕਰਵਾਏ ਗਏ ਹਨ ਜਿਹਨਾਂ ਵਿੱਚੋਂ 4302 ਲੱਖ ਰੁਪਏ ਦੇ ਕੰਮ ਕੰਪਲੀਟ ਹੋ ਚੁੱਕੇ ਹਨ । 4287 ਲੱਖ ਰੁਪਏ ਦੇ ਕੰਮ ਚਲ ਰਹੇ ਹਨ ਅਤੇ 2026 ਲੱਖ ਰੁਪਏ ਦੇ ਕੰਮ ਸ਼ੁਰੂ ਹੋਣੇ ਹਨ। ਵੱਖ-ਵੱਖ ਗ੍ਰਾਂਟਾ ਤਹਿਤ 6359.70 ਲੱਖ ਰੁਪਏ ਕੇ ਫੇਸ-1 ਤਹਿਤ ਕੰਮ ਚਲ ਰਹੇ ਹਨ ਜਿਨਾਂ ਵਿੱਚੋਂ 680.97 ਲੱਖ ਰੁਪਏ ਦੇ ਕੰਮ ਕੰਪਲੀਟ ਹੋ ਚੁੱਕੇ ਹਨ, 265.92 ਲੱਖ ਰੁਪਏ ਦੇ ਕੰਮ ਚਲ ਰਹੇ ਹਨ ਅਤੇ 434.70 ਲੱਖ ਰੁਪਏ ਦੇ ਕੰਮ ਸ਼ੁਰੂ ਹੋਣੇ ਹਨ । ਫੇਸ-2 ਤਹਿਤ 51.74 ਕਰੋੜ ਰੁਪਏ ਦੇ ਕੰਮ ਕੰਪਲੀਟ ਹੋ ਚੁੱਕੇ ਹਨ, 2057 ਲੱਖ ਰੁਪਏ ਦੇ ਕੰਮ ਚਲ ਰਹੇ ਹਨ ਅਤੇ 434 ਲੱਖ ਰੁਪਏ ਦੇ ਕੰਮ ਸ਼ੁਰੂ ਹੋਣੇ ਹਨ ।

ਓ ਐਂਡ ਐਮ ਹੈਡ ਤਹਿਤ 4103.74 ਲੱਖ ਰੁਪਏ ਦੇ ਕੰਮਾਂ ਵਿੱਚੋਂ 1679 ਲੱਖ ਰੁਪਏ ਦੇ ਕੰਮ ਕੰਪਲੀਟ ਹੋ ਚੁੱਕੇ ਹਨ, 1321 ਲੱਖ ਰੁਪਏ ਦੇ ਕੰਮ ਚਲ ਰਹੇ ਹਨ ਅਤੇ 1210 ਲੱਖ ਰੁਪਏ ਦੇ ਕੰਮ ਸ਼ੁਰੂ ਹੋਣੇ ਹਨ ।

ਸਰਫੇਸ ਵਾਟਰ ਪ੍ਰੋਜੈਕਟ ਤਹਿਤ 24 ਘੰਟੇ ਪਾਣੀ ਦੀ ਉਪਲਬਧਤਾ ਲਈ ਕੰਮ ਚਲ ਰਿਹਾ ਹੈ ਅਤੇ ਜਲਦ ਪੂਰਾ ਹੋ ਜਾਵੇਗਾ ।

ਇਸ ਉਪਰੰਤ ਮੇਅਰ ਜੀ ਨੇ ਜ਼ੀਰੋ ਆਵਰ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਵਲੋਂ ਸਵਾਲ ਉਠਾਇਆ ਗਿਆ ਸੀ ਕਿ ਮਕਸੂਦਾਂ ਵਿਖੇ ਸਥਿਤ ਸੈਕਰਡ ਹਾਰਟ ਹਸਪਤਾਲ ਦੀ ਕੋਈ ਪਾਰਕਿੰਗ ਨਹੀਂ ਹੈ। ਇੱਥੇ ਸੜਕ ਦੇ ਦੋਵੇਂ ਪਾਸੇ ਗੱਡੀਆਂ ਖੜੀਆਂ ਰਹਿੰਦੀਆਂ ਹਨ । ਸਾਲ 2005 ਵਿੱਚ ਇੱਥੇ ਪਾਰਕ ਬਣਿਆ ਹੋਇਆ ਸੀ । ਉਸ ਪਾਰਕ ਨੂੰ ਇਸ ਹਸਪਤਾਲ ਵਾਲਿਆਂ ਨੇ ਪਾਰਕਿੰਗ ਬਨਾ ਦਿੱਤੀ ਅਤੇ ਵਾਹਨਾਂ ਤੋਂ 5 ਰੁਪਏ, 10 ਰੁਪਏ, 20 ਰੁਪਏ ਬਤੌਰ ਪਾਰਕਿੰਗ ਫੀਸ ਲੈਂਦੇ ਹਨ।ਨਗਰ ਨਿਗਮ ਨੇ ਇਸ ਪਾਰਕਿੰਗ ਦਾ ਠੇਕਾ ਦਿੱਤਾ ਸੀ ਅਤੇ ਚਾਰ ਸਾਲਾਂ ਬਾਅਦ ਇਹ ਠੇਕਾ ਬੰਦ ਕਰ ਦਿੱਤਾ ਗਿਆ ਅਤੇ ਦੋਬਾਰਾ ਇਹ ਠੇਕਾ ਕਿਉਂ ਨਹੀਂ ਦਿੱਤਾ ਗਿਆ । ਇਸ ਹਸਪਤਾਲ ਦੇ ਨਕਸ਼ੇ ਦੀ ਮਿਸਲ ਵੀ ਚੈਕ ਕੀਤੀ ਜਾਵੇ ਕਿਉਂਜੋ ਇੱਥੇ 16 ਬਿਲਡਿੰਗਾਂ ਬਣ ਚੁੱਕੀਆਂ ਹਨ ।ਉਹਨਾਂ ਦੀ ਪੜਤਾਲ ਕੀਤੀ ਜਾਵੇ । ਪ੍ਰਾਪਰਟੀ ਟੈਕਸ ਪੂਰਾ ਆ ਰਿਹਾ ਹੈ ਜਾਂ ਨਹੀਂ ਚੈਕ ਕੀਤਾ ਜਾਵੇ ਕਿਉਂ ਜ਼ੋ ਇੱਥੇ ਇੱਕ ਕਮਰੇ ਦਾ ਕਿਰਾਇਆ 6500/- ਰੁਪਏ ਅਤੇ ਬਾਕੀ ਕਮਰਿਆਂ ਦਾ ਕਿਰਾਇਆ 2800 ਤੋਂ 3000 ਰੁਪਏ ਵਸੂਲਦੇ ਹਨ । ਕਿੰਨੀਆਂ ਬਿਲਡਿੰਗਾਂ ਬਗੈਰ ਨਕਸ਼ੇ ਤੋਂ ਬਣੀਆਂ ਹਨ, ਚੈਕ ਕੀਤੀਆਂ ਜਾਣ । ਪ੍ਰੰਤੂ ਅੱਜ ਤੱਕ ਉਹਨਾਂ ਨੂੰ ਇਸ ਦਾ ਜਵਾਬ ਨਹੀਂ ਮਿਲਿਆ ।

ਮੇਅਰ ਜੀ ਨੇ ਸਬੰਧਤ ਅਧਿਕਾਰੀਆਂ ਨੂੰ ਜਵਾਬ ਦੇਣ ਲਈ ਕਿਹਾ ਤਾਂ ਸੰਯੁਕਤ ਕਮਿਸ਼ਨਰ(ਹ) ਵਲੋਂ ਕਿਹਾ ਗਿਆ ਕਿ ਹਸਪਤਾਲ ਦੀ ਡਿਟੇਲ ਅਸੀਂ ਲੈ ਕੇ ਨਹੀਂ ਆਏ ਤਾਂ ਮੇਅਰ ਜੀ ਨੇ ਕਿਹਾ ਕਿ ਜਦ ਹਾਊਸ ਦੀ ਮੀਟਿੰਗ ਹੁੰਦੀ ਹੈ ਤਾਂ ਸਾਰੇ ਅਧਿਕਾਰੀ ਤਿਆਰੀ ਕਰਕੇ ਆਇਆ ਕਰਨ । ਅਗਲੀ ਮੀਟਿੰਗ ਵਿੱਚ ਇਸ ਦਾ ਜਵਾਬ ਦਿੱਤਾ ਜਾਵੇ ।ਇਸੇ ਦੌਰਾਨ ਐਮ.ਟੀ.ਪੀ. ਨੇ ਕਿਹਾ ਕਿ ਅਸੀਂ ਹਸਪਤਾਲ ਵਾਲਿਆਂ ਨੂੰ ਨੋਟਿਸ ਜਾਰੀ ਕੀਤਾ ਸੀ ਅਤੇ ਪ੍ਰੰਤੂ ਜਿਹੜੀ ਉਹਨਾਂ ਵਲੋਂ ਮਿਸਲ ਦਿੱਤੀ ਗਈ ਉਹ ਅਧੂਰੀ ਸੀ । ਮੇਅਰ ਜੀ ਨੇ ਪੁੱਛਿਆ ਕਿ ਕੀ ਤੁਸੀਂ ਜੱਸਲ ਜੀ ਨੂੰ ਇਸ ਦੀ ਸੂਚਨਾ ਦਿੱਤੀ ਸੀ? ਤਾਂ ਉਹਨਾਂ ਵਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਵਲੋਂ ਕਿਹਾ ਗਿਆ ਕਿ ਡੇਢ ਏਕੜ ਜਗਾਂ ਵਿੱਚ ਨਵੀਆਂ ਬਿਲਡਿੰਗਾਂ ਬਣ ਗਈਆਂ ਹਨ ਪਰ ਕਿਸੇ ਦਾ ਕੋਈ ਚਾਲਾਨ ਨਹੀਂ ਕੀਤਾ ਗਿਆ । 4 ਬਿਲਡਿੰਗਾਂ ਤਿੰਨ-ਤਿੰਨ ਮੰਜਲਾਂ ਦੀਆਂ ਬਣ ਗਈਆਂ ਅਤੇ 11 ਬਿਲਡਿੰਗਾਂ ਦਾ ਕੰਮ ਚਲ ਰਿਹਾ ਹੈ ਪਰ ਕੋਈ ਚਾਲਾਨ ਨਹੀਂ ਕੀਤਾ ਗਿਆ ।

ਐਮ.ਟੀ.ਪੀ. ਨੇ ਕਿਹਾ ਕਿ ਜਲਦ ਪਰਾਪਰਲੀ ਜਵਾਬ ਦੇ ਦਿਆਂਗੇ ਤਾਂ ਮੇਅਰ ਜੀ ਨੇ ਕਿਹਾ ਕਿ ਤੁਸੀਂ ਮੀਟਿੰਗ ਤੋਂ ਪਹਿਲਾਂ ਹੀ ਜਵਾਬ ਦਿਓ ।

ਪ੍ਰਾਪਰਟੀ ਟੈਕਸ ਸਬੰਧੀ ਕੋਈ ਅਧਿਕਾਰੀ ਹਾਜ਼ਰ ਨਾ ਹੋਣ ਕਾਰਨ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ ਮੀਟਿੰਗ ਵਿੱਚ ਸਾਰੇ ਅਧਿਕਾਰੀ ਅਤੇ ਸ਼ਾਖਾਵਾਂ ਦੇ ਹੈਡ ਜ਼ਰੂਰ ਹਾਜ਼ਰ ਹੋਇਆ ਕਰਨ ।

ਕਮਿਸ਼ਨਰ ਜੀ ਨੇ ਕਿਹਾ ਕਿ ਦੋਵੇਂ ਸੰਯੁਕਤ ਕਮਿਸ਼ਨਰ ਛੁੱਟੀ ਤੇ ਹਨ । ਇਕ ਦੀ ਮਾਤਾ ਜੀ ਢਿੱਲੇ ਹਨ ਅਤੇ ਦੂਜੇ ਨੂੰ ਕੋਈ ਪਰਿਵਾਰਕ ਕੰਮ ਸੀ । ਜਿੱਥੋਂ ਤੱਕ ਹਸਪਤਾਲ ਦੀ ਬਿਲਡਿੰਗ, ਪ੍ਰਾਪਰਟੀ ਟੈਕਸ ਜਾਂ ਪਾਰਕਿੰਗ ਦੀ ਗੱਲ ਹੈ, ਇਸ ਵੈਲ ਟੇਕਨ । ਸਾਨੂੰ ਪਤਾ ਨਹੀਂ ਸੀ । ਮੈਂ ਯਕੀਨ ਦਵਾਉਂਦਾ ਹਾਂ ਕਿ ਤੁਰੰਤ ਇਨਕੁਆਰੀ ਕਰਕੇ ਡੈਫੀਨੇਟਲੀ ਜਵਾਬ ਦਿੱਤਾ ਜਾਵੇਗਾ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ, ਵਲੋਂ ਕਿਹਾ ਗਿਆ ਕਿ ਨਗਰ ਨਿਗਮ ਪਾਸ ਪੈਸੇ ਦੀ ਘਾਟ ਹੈ ਤਾਂ ਹਾਊਸ ਦੀ ਮੀਟਿੰਗ ਹੋਟਲ ਵਿੱਚ ਕਿਉਂ ਰੱਖੀ ਗਈ ਹੈ । ਇੱਥੇ ਸੋਸ਼ਲ ਡਿਸਟੈਂਸਿੰਗ ਕਿੱਥੇ ਹੈ ਤਾਂ ਸ੍ਰੀ ਸੁਸ਼ੀਲ ਕਾਲੀਆ, ਸ੍ਰੀ ਜੇ.ਪੀ. ਸ਼ਮਸ਼ੇਰ ਖਹਿਰਾ, ਸ੍ਰੀ ਓਮਕਾਰ ਰਾਜੀਵ ਟਿੱਕਾ, ਅਤੇ ਹੋਰ ਕਈ ਕੌਂਸਲਰਾਂ ਨੇ ਬੋਲਦਿਆਂ ਕਿਹਾ ਕਿ ਤੁਸੀਂ ਸੋਸ਼ਲ ਡਿਸਟੈਂਸਿੰਗ ਖ਼ਰਾਬ ਕਰ ਰਹੇ ਹੋ । ਇਸੇ ਦੌਰਾਨ ਬੀ.ਜੇ.ਪੀ. ਦੇ ਕੌਂਸਲਰਾਂ ਵਲੋਂ ਇੱਕ ਬੈਨਰ ਮੀਟਿੰਗ ਵਿੱਚ ਪੇਸ਼ ਕਰਕੇ ਰੋਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਸ਼ਹਿਰ ਦੀਆਂ ਲਾਈਟਾਂ ਬੰਦ ਪਈਆਂ ਹਨ, ਅਵੈਧ ਕਲੋਨੀਆਂ ਕੱਟੀਆਂ ਜਾ ਰਹੀਆਂ ਹਨ, ਕੂੜਾ ਚੁੱਕਿਆ ਨਹੀਂ ਜਾ ਰਿਹਾ, ਸੀਵਰੇਜ਼ ਜ਼ਾਮ ਪਏ ਹਨ ।ਇਸੇ ਦੌਰਾਣ ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਤੁਸੀਂ 10 ਸਾਲਾਂ ਵਿੱਚ ਸ਼ਹਿਰ ਦਾ ਬੇੜਾ ਗਰਕ ਕਰ ਦਿੱਤਾ ਹੈ । ਇਸੇ ਦੌਰਾਣ ਕਾਫੀ ਦੇਰ ਰੋਲਾ-ਰੱਪਾ ਪੈਂਦਾ ਰਿਹਾ ਤਾਂ ਮੇਅਰ ਜੀ ਨੇ ਬੋਲਦਿਆਂ ਕਿਹਾ ਕਿ ਮੈਂ ਮੀਟਿੰਗ ਪਰਾਪਰਲੀ ਕਰਨੀ ਹੈ ਅਤੇ ਪਹਿਲਾਂ ਵਾਂਗ ਪਾਸ-ਪਾਸ ਨਹੀਂ ਕਰਨ ਦੇਣਾ । ਤੁਸੀਂ ਮਾਹੌਲ ਖ਼ਰਾਬ ਨਾ ਕਰੋ । ਜੇਕਰ ਤੁਸੀਂ ਮੀਟਿੰਗ ਨੂੰ ਛੱਡ ਕੇ ਗਏ ਤਾਂ ਮੈਂ ਮੀਟਿੰਗ ਮੁਲਤਵੀ ਕਰ ਦੇਵਾਂਗਾ ਤੇ ਦੋਬਾਰਾ ਮੀਟਿੰਗ ਸੱਦਾਂਗਾ ਪਰ ਪਹਿਲਾਂ ਵਾਂਗ ਪਾਸ-ਪਾਸ ਨਹੀਂ ਹੋਣ ਦੇਵਾਂਗਾ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਨੇ ਕਿਹਾ ਕਿ ਹਰੇਕ ਮੈਂਬਰ ਨੂੰ ਟਾਈਮ ਦਿੱਤਾ ਜਾਵੇ ਤਾਂ ਮੇਅਰ ਜੀ ਨੇ ਕਿਹਾ ਕਿ ਹਰ ਗੱਲ ਦਾ ਜਵਾਬ ਮਿਲੇਗਾ । ਮੈਂ ਪਿਛਲੇ ਹਾਊਸ ਦੀਆਂ ਮੀਟਿੰਗਾਂ ਦੀ ਪਰਮਪਰਾ ਨਹੀਂ ਚਲਣ ਦੇਣੀ ਕਿ ਰੋਲਾ-ਰੱਪਾ ਪਾ ਕੇ ਪਾਸ-ਪਾਸ ਕਰਕੇ ਮੀਟਿੰਗਾਂ ਖ਼ਤਮ ਕੀਤੀਆਂ ਜਾਣ । ਤੁਸੀਂ ਸਵਾਲ ਕਰੋ ਅਤੇ ਅਫ਼ਸਰ ਜਵਾਬ ਦੇਣ। ਤੁਸੀਂ ਜਨਤਾ ਦੀਆਂ ਗੱਲਾ ਚੁੱਕਣ ਲਈ ਮੀਟਿੰਗਾਂ ਵਿੱਚ ਆਉਂਦੇ ਹੋ ਅਤੇ ਅਫਸਰਾਂ ਨੂੰ ਉਹਨਾਂ ਗੱਲਾਂ ਦਾ ਜਵਾਬ ਦੇਣਾ ਪਵੇਗਾ ।

ਸ੍ਰੀਮਤੀ ਉਮਾ ਬੇਰੀ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਵਧਾਈ ਦੇ ਪਾਤਰ ਹੋ ਕਿਉਂ ਜ਼ੋ ਪਿਛਲੇ ਹਾਊਸ ਵਲੋਂ ਜਿਹੜਾ ਐਲ.ਈ.ਡੀ. ਲਾਈਟਾਂ ਦਾ ਪ੍ਰੋਜੈਕਟ 274 ਕਰੋੜ ਰੁਪਏ ਦਾ ਸ਼ੁਰੂ ਕੀਤਾ ਸੀ ਤਾਂ ਉਸ ਵਿੱਚ ਬਹੁਤ ਵੱਡਾ ਘਪਲਾ ਸੀ ਜਿਹੜਾ ਕਿ ਤੁਸੀਂ ਰੱਦ ਕਰਵਾਇਆ ਅਤੇ ਓਹੀ ਪ੍ਰੋਜੈਕਟ ਤੁਸੀਂ ਹੁਣ 44 ਕਰੋੜ ਰੁਪਏ ਵਿੱਚ ਲਗਵਾਉਣ ਜਾ ਰਹੇ ਹੋ । ਇਸ ਤੇ ਵਧੇਰੇ ਮੈਂਬਰਾਂ ਨੇ ਮੇਜਾਂ ਥਪਥਪਾਈਆਂ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ, ਵਾਰਡ ਨੰ: 2 ਨੇ ਕਿਹਾ ਕਿ ਪਹਿਲਾ ਪ੍ਰੋਜੈਕਟ ਮਾੜਾ ਸੀ, ਮੰਨ ਲਿਆ। ਪਰ ਤੁਸੀਂ ਢਾਈ ਸਾਲ ਤੱਕ ਇਹ ਕੰਮ ਕਿਓਂ ਸ਼ੁਰੂ ਨਹੀਂ ਕਰਵਾਇਆ । ਤੁਹਾਡੀ ਕੀ ਰਾਜਨੀਤਿਕ ਮੰਸਾ ਸੀ? ਤੁਸੀਂ ਲਾਈਟਾਂ ਦਾ ਪ੍ਰੋਜੈਕਟ ਰੱਦ ਕੀਤਾ ।

ਸ੍ਰੀ ਵਰੇਸ਼ ਕੁਮਾਰ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਹਾਊਸ ਵਲੋਂ 606 ਕਰੋੜ ਰੁਪਏ ਦੇ ਬੀ. ਐਂਡ ਆਰ ਦੇ ਕੰਮ ਕਰਵਾਏ ਗਏ ਸੀ । ਤੁਸੀਂ ਤਿੰਨ ਸਾਲਾਂ ਵਿੱਚ ਕੀ ਕੀਤਾ? ਪੂਰੇ ਸ਼ਹਿਰ ਦੇ ਅੰਦਰ ਪੁਲ ਅਸੀਂ ਬਨਵਾਏ । ਤੁਸੀਂ ਤਾਂ ਇੱਕ ਪੁਲੀ ਨਹੀਂ ਬਣਾ ਸਕੇ ।ਸ਼ਹਿਰ ਅੰਦਰ ਕਈ ਅਵੈਧ ਕਲੋਨੀਆਂ ਕੱਟੀਆਂ ਜਾ ਰਹੀਆਂ ਹਨ । ਤੁਹਾਡੇ ਐਮ.ਐਲ.ਏ. ਵੀ ਕਹਿ ਰਹੇ ਹਨ ਕਿ ਅਫ਼ਸਰ ਗੱਲ ਨਹੀਂ ਸੁਣਦੇ ਅਤੇ ਕਮੇਟੀਆਂ ਦੇ ਚੇਅਰਮੈਨ ਵੀ ਵਾਰ-ਵਾਰ ਕਹਿ ਰਹੇ ਹਨ ਕਿ ਉਹਨਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ।ਸੀਵਰੇਜ਼ ਜਾਮ ਪਏ ਹਨ । ਜਲੰਧਰ ਸ਼ਹਿਰ ਸਮਾਰਟ ਸਿਟੀ ਨਹੀਂ ਬਿਮਾਰ ਸਿਟੀ ਬਣ ਰਿਹਾ ਹੈ । ਸਾਡੇ ਨਾਲ ਚੱਲੋ ਤੇ ਸ਼ਹਿਰ ਦਾ ਹਾਲ ਦੇਖੋ ।

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਆਪਸ ਵਿੱਚ ਨਾ ਬਹਿਸੋ । ਉਹਨਾਂ ਮੇਅਰ ਜੀ ਨੂੰ ਪੁੱਛਿਆ ਕਿ ਕੀ ਤੁਹਾਨੂੰ ਮੇਰਾ ਵਾਰਡ ਨਜ਼ਰ ਨਹੀਂ ਆਉਂਦਾ । ਕਰੋਨਾ ਕਾਲ ਵਿੱਚ ਇੱਕ ਕਿਲੋ ਵੀ ਆਟਾ ਮੇਰੇ ਵਾਰਡ ਦੇ ਕਿਸੇ ਵਸਨੀਕ ਨੂੰ ਨਹੀਂ ਦਿੱਤਾ ਗਿਆ ਤਾਂ ਮੇਅਰ ਜੀ ਨੇ ਜਵਾਬ ਦਿੱਤਾ ਕਿ ਤੁਸੀਂ ਇਹ ਗੱਲ ਅੱਜ ਕਰ ਰਹੇ ਹੋ ਅਤੇ ਇਸ ਤੋਂ ਪਹਿਲਾਂ ਕਦੇ ਨਹੀਂ ਕਿਹਾ । ਸ੍ਰੀ ਰੋਨੀ ਨੇ ਅੱਗੇ ਬੋਲਦਿਆਂ ਕਿਹਾ ਕਿ ਤੁਸੀਂ ਵੀ ਕੌਂਸਲਰ ਕਾਫੀ ਚਿਰ ਰਹੇ ਹੋ ਅਤੇ ਕਿੰਨੇ ਉਦਘਾਟਨ ਤੁਸੀਂ ਆਪਣੇ ਵਾਰਡ ਵਿੱਚ ਕਰਵਾਏ ਹਨ । ਕੀ ਸਾਰੇ ਉਦਘਾਟਨ ਸਿਰਫ ਐਮ.ਐਲ.ਏ. ਨੇ ਕੀਤੇ ਸਨ ਜਾਂ ਤੁਸੀਂ ਕੀਤੇ ਸੀ । ਕੀ ਕਿਸੇ ਉਦਘਾਟਨ ਵਾਲੇ ਬੋਰਡ ਤੇ ਤੁਹਾਡਾ ਨਾਮ ਨਹੀਂ ਲਿਖਿਆ ਜਾਂਦਾ ਸੀ । ਮੇਰੇ ਵਾਰਡ ਵਿੱਚ ਉਦਘਾਟਨਾਂ ਤੇ ਨਾ ਤਾਂ ਮੈਨੂੰ ਦੱਸਿਆ ਜਾਂਦਾ ਹੈ ਤੇ ਨਾ ਹੀ ਬੋਰਡ ਤੇ ਨਾਮ ਲਿਖਿਆ ਜਾਂਦਾ ਹੈ । ਮੇਰੇ ਵਾਰਡ ਦੇ ਬੀ ਐਂਡ ਆਰ ਦੇ ਕੋਈ ਕੰਮ ਨਹੀਂ ਹੋਏ । ਮੈਂ 15 ਤੋਂ 20 ਵਾਰ ਤੁਹਾਨੂੰ ਮਿੰਨਤਾ ਕੀਤੀਆਂ ਕਿ ਐਸਟੀਮੇਟ ਬਨਵਾ ਦਿਓ ਤਾਂ ਤੁਹਾਡਾ ਇਹੋ ਜਵਾਬ ਹੁੰਦਾ ਹੈ ਕਿ ਐਮ.ਐਲ.ਏ. ਨਾਲ ਗੱਲ ਕਰੋ । ਕੋਈ ਪੈਚ ਵਰਕ ਦਾ ਕੰਮ ਨਹੀਂ ਹੁੰਦਾ । ਟਿਊਬਵੈਲ ਬਾਰੇ ਕਈ ਵਾਰ ਕਿਹਾ ਪਰ ਕੋਈ ਸੁਣਵਾਈ ਨਹੀਂ ਹੋਈ ।

ਮੇਅਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਟਿਊਬਵੈਲ ਲਈ ਜਦ ਠੇਕੇਦਾਰ ਕਮਰਾ ਢਾਹ ਰਿਹਾ ਸੀ ਤਾਂ ਤੁਸੀਂ ਉਸ ਨੂੰ ਕੰਮ ਕਰਨ ਤੋਂ ਰੋਕ ਦਿੱਤਾ ।

ਸ੍ਰੀ ਰੋਨੀ ਨੇ ਅੱਗੇ ਬੋਲਦਿਆਂ ਕਿਹਾ ਕਿ 80 ਵਾਰਡ ਸ਼ਹਿਰ ਦੇ ਹੋ ਗਏ ਹਨ । ਨਾ ਸਫਾਈ ਸੇਵਕ ਤੇ ਨਾ ਹੀ ਸੀਵਰਮੈਨ ਭਰਤੀ ਕੀਤੇ ਜਾ ਰਹੇ ਹਨ । ਮੇਰੇ ਵਾਰਡ ਵਿੱਚ ਇੱਕੋ ਸਫ਼ਾਈ ਸੇਵਕ ਸ੍ਰੀਮਤੀ ਨੀਲਮ ਸੀ ਜਿਹੜੀ ਕਿ ਰਿਟਾਇਰਡ ਹੋ ਚੁੱਕੀ ਹੈ ਪਰ ਉਸ ਉਪਰੰਤ ਕੋਈ ਸਫਾਈ ਸੇਵਕ ਨਹੀਂ ਦਿੱਤਾ ਗਿਆ । ਪੈਚ ਵਰਕ ਦਾ ਕੰਮ ਅਤੇ 10 ਲੱਖ ਰੁਪਏ ਦੇ ਮੇਨਟੀਨੈਂਸ ਦੇ ਕੰਮ ਤੁਸੀਂ ਰੋਕ ਦਿੱਤੇ । ਮੇਅਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਤੁਸੀਂ ਲਿਸਟ ਦਿਓ ਮੈਂ ਕੰਮ ਕਰਵਾਵਾਂਗਾ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਨੇ ਕਿਹਾ ਕਿ ਪਿਛਲੇ ਹਾਊਸ ਵਿੱਚ ਮਤਾ ਪਾਸ ਕੀਤਾ ਸੀ ਕਿ ਜਿੱਥੇ ਵੀ ਕੋਈ ਉਦਘਾਟਨ ਹੋਵੇਗਾ ਉਥੇ ਸਬੰਧਤ ਕੌਂਸਲਰ ਦਾ ਨਾਮ ਲਿਖਿਆ ਜਾਵੇਗਾ । ਮਿਤੀ 1.11.2020 ਨੂੰ ਮੇਰੇ ਵਾਰਡ ਵਿੱਚ ਉਦਘਾਟਨ ਹੋਇਆ ਤਾਂ ਮੇਰਾ ਨਾਮ ਤਾਂ ਲਿਖਿਆ ਨਹੀਂ ਬਲਕਿ ਜਿਹੜਾ ਆਦਮੀ ਤਿੰਨ-ਤਿੰਨ ਵਾਰ ਚੋਣ ਹਾਰ ਚੁੱਕਾ ਹੈ, ਉਸਦਾ ਨਾਮ ਲਿਖਿਆ ਗਿਆ । ਇਹ ਲੋਕਤੰਤਰ ਦਾ ਘਾਣ ਹੈ । ਇਸ ਤੇ ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਮੇਰੇ ਨਾਲ ਮੇਰੇ ਵਾਰਡ ਵਿੱਚ ਚੱਲੋਂ ਤਾਂ ਮੈਂ ਤੁਹਾਨੂੰ 30 ਥਾਂਵਾਂ ਦਿਖਾ ਦਿੰਦਾ ਹਾਂ ਜਿੱਥੇ ਪਿਛਲੇ ਹਾਊਸ ਵਲੋਂ ਮੇਰੇ ਕੌਂਸਲਰ ਰਹਿੰਦੇ ਹੋਏ ਵੀ ਮੇਰਾ ਨਾਮ ਪੱਥਰਾਂ ਤੇ ਨਹੀਂ ਲਿਖਿਆ ।ਇਸ ਤੇ ਸ੍ਰੀ ਪਰਮਜੀਤ ਸਿੰਘ ਰੇਰੂ ਨੇ ਕਿਹਾ ਕਿ ਜਿਸ ਨੇ ਵੀ ਕੀਤਾ ਹੈ ਗਲਤ ਹੈ । ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਮੇਅਰ ਸਾਹਿਬ, ਜਿਹਨਾਂ ਕੋਲੋਨਾਈਜ਼ਰਾਂ ਨੇ 10% ਜਾਂ 20% ਪੈਸੇ ਕਲੋਨੀਆਂ ਨੂੰ ਰੈਗੂਲਰ ਕਰਵਾਉਣ ਲਈ ਜਮ੍ਹਾਂ ਕਰਵਾਏ ਹੋਏ ਹਨ ਤੁਸੀਂ ਉਹਨਾਂ ਦੇ ਡਾਕੂਮੈਂਟਸ ਚੈਕ ਕਰਕੇ ਜਮ੍ਹਾਂ ਕਰਵਾਏ ਸੀ, ਪਰ ਅਜੇ ਤੱਕ ਇਹ ਕਲੋਨੀਆਂ ਰੈਗੂਲਰ ਨਹੀਂ ਹੋਈਆਂ । ਇਹਨਾਂ ਕਲੋਨੀਆਂ ਨੂੰ ਰੈਗੂਲਰ ਕਰਨ ਲਈ ਬਹੁਤ ਲੰਮਾ ਪ੍ਰੋਸੈਸ ਹੈ । ਤੁਸੀਂ ਉਹਨਾਂ ਪਾਸੋਂ ਸੈਲਫ ਡੈਕਲਾਰੇਸ਼ਨ ਲੈ ਕੇ ਜਲਦ ਉਹਨਾਂ ਨੂੰ ਰੈਗੂਲਰ ਕਰਵਾਓ । ਬਹੁਤ ਸਾਰੀਆਂ ਫਾਰਮੈਲੀਟੀਜ਼ ਹਨ । ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਮੈਂ ਲਿਸਟ ਮੰਗਵਾਈ ਹੈ । ਤੁਸੀਂ ਸੋਮਵਾਰ ਆ ਜਾਓ । ਸ੍ਰੀ ਰੇਰੂ, ਨੇ ਕਿਹਾ ਕਿ ਜਿਹੜੀ 11 ਮੈਂਬਰੀ ਕਮੇਟੀ ਇਸ ਕੰਮ ਲਈ ਬਣਾਈ ਹੈ ਉਹ ਇੱਕਠੀ ਹੀ ਨਹੀਂ ਹੁੰਦੀ । ਤੁਸੀਂ ਕਮਿਸ਼ਨਰ, ਸੰਯੁਕਤ ਕਮਿਸ਼ਨਰ ਅਤੇ ਐਮ.ਟੀ.ਪੀ. ਨੂੰ ਪਾਵਰ ਦੇ ਦਿਓ ਕਿ ਉਹ ਅਜਿਹੀਆਂ ਕਲੋਨੀਆਂ ਨੂੰ ਰੈਗੂਲਰ ਕਰ ਸਕਣ ।

ਡਾ: ਤਮਨਰੀਤ ਕੌਰ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪੈਂਦੇ ਚੱਕ ਜਿੰਦਾ ਇਲਾਕੇ ਲਈ ਸਰਕਾਰੀ ਸਕੂਲ ਬਨਾਉਣ ਲਈ ਜਗ੍ਹਾ ਮੁੱਹਈਆ ਕਰਵਾਈ ਗਈ ਹੈ ਜਿਸ ਲਈ ਮੈਂ ਤੁਹਾਡਾ ਅਤੇ ਐਮ.ਐਲ.ਏ. ਸਾਹਿਬ ਦਾ ਧੰਨਵਾਦ ਕਰਦੀ ਹਾਂ ਤਾਂ ਮੇਅਰ ਜੀ ਨੇ ਕਿਹਾ ਕਿ ਅਸੀਂ ਸਕੂਲ ਨੂੰ ਅਪਗ੍ਰੇਡ ਵੀ ਕਰਾਂਗੇ । ਡਾ: ਤਮਨਰੀਤ ਕੌਰ ਨੇ ਇਹ ਵੀ ਕਿਹਾ ਕਿ ਸੀਵਰੇਜ਼ ਦੀ ਬਹੁਤ ਸੱਮਸਿਆ ਹੈ । ਅਸ਼ੋਕ ਵਿਹਾਰ, ਜਿੰਦਾ ਪਿੰਡ ਵਿੱਚ 10-10 ਦਿਨ ਤੱਕ ਪਾਣੀ ਖੜਾ ਰਹਿੰਦਾ ਹੈ। ਇਸ ਤੇ ਐਸ.ਈ.(ਓ ਐਂਡ ਐਮ) ਨੇ ਕਿਹਾ ਕਿ ਚੈਕ ਕਰਕੇ ਜਲਦ ਠੀਕ ਕਰਵਾ ਦਿੱਤਾ ਜਾਵੇਗਾ । ਇਸ ਤੇ ਮੇਅਰ ਜੀ ਨੇ ਐਸ.ਈ. (ਓ ਐਂਡ ਐਮ) ਨੂੰ ਕਿਹਾ ਕਿ ਕੰਪਲੇਂਟਸ ਠੀਕ ਨਹੀਂ ਹੁੰਦੀਆਂ ਤੇ ਤੁਸੀਂ ਕੰਪਿਊਟਰ ਤੇ

ਲਿਖ ਦਿੰਦੇ ਹੋ ਕਿ ਸ਼ਿਕਾਇਤ ਠੀਕ ਹੋ ਗਈ ਹੈ । ਪਹਿਲਾਂ ਸ਼ਕਾਇਤ ਸੈਲ ਦਾ ਇੱਕੋ ਨੰਬਰ ਸੀ ਅਤੇ ਹੁਣ ਚਾਰ ਨੰਬਰ ਦਿੱਤੇ ਗਏ ਹਨ । ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ 10 ਲੱਖ ਰੁਪਏ ਦੇ ਮੇਨਟੀਨੈਂਸ ਦਾ ਫੰਡ ਪਿਛਲੇ ਸਾਲ ਵੀ ਨਹੀਂ ਮਿਲਿਆ ਤੇ ਨਾ ਹੀ ਹੁਣ। ਜਿਸ ਤੇ ਐਸ.ਈ. (ਬੀ ਐਂਡ ਆਰ) ਨੇ ਕਿਹਾ ਕਿ ਚੈਕ ਕਰਕੇ ਰਿਪੋਰਟ ਦੇ ਦਿਆਂਗੇ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਹਦਾਇਤ ਕੀਤੀ ਕਿ ਚੈਕ ਕਰਕੇ ਕੌਂਸਲਰ ਨੂੰ ਇਨਫਾਰਮ ਕਰੋ ।

ਕਮਿਸ਼ਨਰ ਜੀ ਨੇ ਦੱਸਿਆ ਕਿ ਸਕੂਲ ਦੇ ਨਾਲ ਨਾਲ ਲਾਇਬ੍ਰੇਰੀ ਲਈ ਕਿਤਾਬਾਂ ਅਤੇ ਸੋਲਰ ਪਲਾਂਟ ਵੀ ਲਗਵਾਂਵਾਂਗੇ ।

ਡਾ: ਤਮਨਰੀਤ ਕੌਰ, ਕੌਂਸਲਰ ਨੇ ਦੱਸਿਆ ਕਿ ਉਹ ਲੈਂਡ ਸਕੇਪਿੰਗ ਕਮੇਟੀ ਦੇ ਮੈਂਬਰ ਹਨ ਪਰ ਅੱਜ ਤੱਕ ਇਸ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ ਜਿਸ ਤੇ ਮੇਅਰ ਜੀ ਨੇ ਦੱਸਿਆ ਕਿ ਕਮੇਟੀ ਦੇ ਚੇਅਰਮੈਨ ਸ੍ਰੀਮਤੀ ਕਮਲੇਸ਼ ਗਰੋਵਰ ਦੀ ਸਿਹਤ ਸੱਮਸਿਆ ਕਰਕੇ ਉਹ ਅਜੇ ਤੱਕ ਮੀਟਿੰਗ ਨਹੀਂ ਬੁਲਾ ਸਕੇ ਅਤੇ ਮੈਂ ਉਹਨਾਂ ਨਾਲ ਗੱਲ ਕਰਾਂਗੇ ਜੇਕਰ ਕਿਸੇ ਹੋਰ ਨੂੰ ਉਸ ਕਮੇਟੀ ਦਾ ਚੇਅਰਮੈਨ ਬਨਾ ਦਿੱਤਾ ਜਾਵੇ ।

ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ ਨੇ ਮੇਅਰ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸਮਾਰਟ ਸਿਟੀ ਪ੍ਰੋਜੈਕਟ ਅਧੀਨ ਕੰਮ ਸ਼ੁਰੂ ਹੋਏ ਹਨ ਪਰ 5-6 ਡੰਪ ਹਨ ਜਿਹੜੇ ਕਿ ਸਾਫ ਨਹੀਂ ਹੁੰਦੇ । ਸਫਾਈ ਸੇਵਕ ਰਿਟਾਇਰਡ ਹੋ ਗਏ ਹਨ । ਦੋ ਸਫਾਈ ਸੇਵਕ ਅਜਿਹੇ ਹਨ ਜਿਹੜੇ ਆਉਂਦੇ ਹੀ ਨਹੀਂ ਤੇ ਨਾ ਹੀ ਹਾਜਰੀ ਲਗਾਉਂਦੇ ਹਨ। ਸੀਵਰੇਜ਼ ਦੀ ਸੱਮਸਿਆ ਹੈ ਪਰ ਕੋਈ ਸੁਣਵਾਈ ਨਹੀਂ ਹੋ ਰਹੀ । ਆਰੀਆ ਸੀਨਿਅਰ ਸੈਕੰਡਰੀ ਸਕੂਲ ਦੀ ਗਲੀ ਅਤੇ ਆਗਿਆ ਸਿੰਘ ਪਾਰਕ ਵਿਖੇ ਬਹੁਤ ਵੱਡਾ ਡੰਪ ਹੈ । ਤਿੰਨ ਸਾਲਾਂ ਤੋਂ ਇਸ ਨੂੰ ਸਾਫ ਕਰਨ ਲਈ ਕਿਹਾ ਜਾ ਰਿਹਾ ਹੈ ਪਰ ਕੰਮ ਨਹੀਂ ਹੋ ਰਿਹਾ ਤਾਂ ਮੇਅਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਸਫਾਈ ਅੱਗੇ ਨਾਲੋਂ ਚੰਗੀ ਹੋ ਰਹੀ ਹੈ ਤਾਂ ਹੀ ਜਲੰਧਰ ਦਾ ਰੈਂਕ ਸੁਧਰਿਆ ਹੈ ।

ਕਮਿਸਨਰ ਜੀ ਨੇ ਦੱਸਿਆ ਕਿ ਵਰਿਆਣਾ ਡੰਪ ਵਿਖੇ ਬਾਇਓਮਾਈਨਿੰਗ ਪ੍ਰੋਜੈਕਟ ਦੀ ਡੀ.ਪੀ.ਆਰ. ਅਪਰੂਵਡ ਹੋ ਗਈ ਹੈ ਤੇ ਟੈਂਡਰ ਲੱਗ ਚੁੱਕਾ ਹੈ । ਤਿੰਨ ਸਾਲਾਂ ਵਿੱਚ ਅਸੀਂ ਇਹ ਡੰਪ ਖ਼ਤਮ ਕਰ ਦੇਣਾ ਹੈ ।ਸਾਨੂੰ ਲੋਕਾਂ ਦੇ ਸਹਿਯੋਗ ਦੀ ਲੋੜ ਹੈ । ਲੋਕ ਆਪੋ ਆਪਣਾ ਕੂੜਾ ਸੈਗਰੀਗੇਟ ਕਰਕੇ ਡੋਰ ਟੂ ਡੋਰ ਦੇਣ। 1200 ਹਨੀ ਕੋਮਪਿਟਸ ਅਤੇ 200 ਪਿਟਸ ਬਣ ਚੁੱਕੀਆਂ ਹਨ । ਹਾਰਟੀਕਲਚਰ ਵੇਸਟ ਪਲਾਂਟ ਬਣ ਚੁੱਕਾ ਹੈ ਅਤੇ ਉਸ ਤੋਂ ਖ਼ਾਦ ਬਣਾਈ ਜਾ ਰਹੀ ਹੈ। ਸਿਰਫ ਲੋਕਾਂ ਦੇ ਸਹਿਯੋਗ ਦੀ ਲੋੜ ਹੈ ਕਿ ਉਹ ਆਪਣਾ ਆਪਣਾ ਕੂੜਾ ਸੈਗਰੀਗੇਟ ਕਰਕੇ ਦੇਣ । ਕਾਰਪੋਰੇਸ਼ਨ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਵਚਨਬੱਧ ਹੈ ਕਿ ਸ਼ਹਿਰ ਅੰਦਰੋ ਕੂੜਾ ਸਾਫ ਕਰਨਾ ਹੈ ਬਸ ਤੁਸੀਂ ਸਾਰੇ ਸਾਥ ਦਿਓ । 100 ਈ-ਰਿਕਸ਼ਾ ਜਲਦ ਹਰੇਕ ਵਾਰਡ ਵਿੱਚ ਉਪਲਬੱਧ ਕਰਵਾਏ ਜਾਣਗੇ ।

ਸ੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ ਨੇ ਕਿਹਾ ਕਿ ਤੁਸੀਂ ਲਾਕਡਾਊਨ ਵਿੱਚ ਐਸ.ਡੀ. ਕਾਲੇਜ਼ ਰੋਡ ਵਿਖੇ ਸੁਪਰਸਕੱਸ਼ਨ ਦਾ ਕੰਮ ਕਰਵਾਇਆ ਸੀ । ਉਥੇ 6 ਫੁਟ ਦੀ ਡਾਰਟ ਬਣੀ ਹੋਈ ਹੈ ਜਿਹੜੀ ਕਿ ਕਲੀਅਰ ਨਹੀਂ ਹੋ ਰਹੀ। ਰੇਲਵੇ ਸਟੇਸਨ ਦੇ ਕੋਲ 10 ਮੇਨਹੋਲਾਂ ਦੀ ਗਾਰ ਨਹੀਂ ਕੱਢੀ ਜਾ ਰਹੀ ਜਿਸ ਕਰਕੇ ਮੰਡੀ ਫੈਂਟਨਗੰਜ ਅਤੇ ਆਲ੍ਹੇ-ਦੁਆਲ੍ਹੇ ਦੇ ਇਲਾਕਿਆਂ ਵਿੱਚ ਸੀਵਰੇਜ਼ ਸੱਮਸਿਆ ਬਣੀ ਰਹਿੰਦੀ ਹੈ ਅਤੇ ਪੀਣ ਵਾਲਾ ਪਾਣੀ ਗੰਦਾ ਆ ਰਿਹਾ ਹੈ । ਲਾਈਟਾਂ ਦਾ ਬਹੁਤ ਮਾੜਾ ਹਾਲ ਹੈ । ਠੇਕੇਦਾਰ ਸੁਣਵਾਈ ਨਹੀਂ ਕਰ ਰਿਹਾ । ਕਦੀ ਕਹਿੰਦਾ ਹੈ ਕਿ ਮੇਰੇ ਕੋਲ ਸਮਾਨ ਲਈ ਪੈਸੇ ਨਹੀਂ ਹਨ ਜਾਂ ਸਮਾਨ ਮਿਲ ਨਹੀਂ ਰਿਹਾ। ਐਸ.ਈ. ਸਾਹਿਬ ਨੂੰ ਕਈ ਵਾਰ ਦੱਸਿਆ ਤਾਂ ਤਿੰਨ ਮਹੀਨੇ ਬਾਅਦ 5 ਲਾਈਟਾਂ ਠੀਕ ਕਰਵਾਈਆਂ। ਓ ਐਂਡ ਐਮ ਦਾ ਠੇਕੇਦਾਰ ਸ੍ਰੀ ਵਿਕਾਸ ਧਵਨ ਕੋਈ ਕੰਮ ਨਹੀਂ ਕਰ ਰਿਹਾ । ਪੁਰਾਣੀ ਰੋਡ ਗਲੀ ਦੀ ਜਾਲੀ ਲੈ ਕੇ ਆਇਆ । ਅਰਜੁਨ ਨਗਰ ਪਾਰਕ ਵਿਖੇ ਕਈ ਮਹੀਨਿਆਂ ਤੋਂ ਹਾਰਟੀਕਲਚਰ ਵੇਸਟ ਪਿਆ ਹੈ ਅਤੇ ਸ੍ਰੀ ਓਂਕਾਰ, ਜੇ.ਈ. ਨੂੰ ਕਈ ਵਾਰ ਕਿਹਾ ਹੈ ।

ਐਸ.ਈ.(ਓ ਐਂਡ ਐਮ) ਨੇ ਦੱਸਿਆ ਕਿ ਅਸੀਂ ਸ਼ਾਸਤਰੀ ਮਾਰਕਿਟ ਚੌਂਕ ਤੋਂ ਸਟੇਸ਼ਨ ਤੱਕ ਸਾਰਾ ਸੀਵਰ ਸਾਫ ਕਰਵਾ ਦਿੱਤਾ ਹੈ । ਜਿਹੜੀ ਗੱਲ ਇਹ ਕਰ ਰਹੇ ਹਨ ਉਹ ਸਟਾਰਮ ਸੀਵਰ ਦੀ ਹੈ । ਮੇਅਰ ਜੀ ਨੇ ਕਿਹਾ ਕਿ ਇਹ ਸਟਾਰਮ ਸੀਵਰ ਚਲਣਾ ਚਾਹੀਦਾ ਹੈ ਅਤੇ ਜੇਕਰ ਦੋਬਾਰਾ ਇਹ ਗੱਲ ਰਪੀਟ ਹੁੰਦੀ ਹੈ ਤਾਂ ਹਾਊਸ ਵਲੋਂ ਸਬੰਧਤ ਅਧਿਕਾਰੀ ਤੇ ਐਕਸ਼ਨ ਲਿਆ ਜਾਵੇਗਾ ।ਤੁਸੀਂ ਸਮੇਂ ਸਿਰ ਇਹ ਕੰਮ ਕਰਵਾਓ ।ਮੇਅਰ ਜੀ ਨੇ ਸਮੂਹ ਕੌਂਸਲਰਾਂ ਨੂੰ ਕਿਹਾ ਕਿ ਮੈਂ ਤੁਹਾਨੂੰ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਜੇਕਰ ਲਾਈਟਾਂ ਸਮੇਂ ਸਿਰ ਠੀਕ ਨਹੀਂ ਹੁੰਦੀਆਂ ਤਾਂ ਤੁਸੀਂ ਉਹਨਾਂ ਸ਼ਕਾਇਤਾਂ ਦਾ ਰਿਕਾਰਡ ਆਪਣੇ ਪਾਸ ਰੱਖੋ ਤਾਂ ਜ਼ੋ ਸਬੰਧਤ ਠੇਕੇਦਾਰਾਂ ਨੂੰ ਜੁਰਮਾਨਾ ਲਗਾਇਆ ਜਾ ਸਕੇ । ਜਿੱਥੋਂ ਤੱਕ ਪੁਰਾਣੀ ਜਾਲੀ ਵਾਲੀ ਗੱਲ ਹੈ ਉਹਨਾਂ ਐਸ.ਈ. ਨੂੰ ਚੈਕ ਕਰਨ ਲਈ ਹਦਾਇਤ ਕੀਤੀ । ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਲਾਡੋਵਾਲੀ ਰੋਡ ਤੇ ਗਰਲਜ਼ ਕਾਲੇਜ਼ ਦੇ ਸਾਹਮਣੇ ਕੂੜੇ ਦੇ ਢੇਰ ਲੱਗੇ ਰਹਿੰਦੇ ਹਨ । ਜਿਸ ਤੇ ਸੰਯੁਕਤ ਕਮਿਸ਼ਨਰ (ਐਚ) ਨੇ ਕਿਹਾ ਕਿ ਰੈਗੁਲਰ ਲਿਫਟਿੰਗ ਐਨਸ਼ੋਰ ਕਰਾਂਗੇ ।

ਸ੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ ਨੇ ਕਿਹਾ ਕਿ ਉਹਨਾਂ ਵਲੋਂ ਓ ਐਂਡ ਐਮ ਕਮੇਟੀ ਦੇ ਬਤੌਰ ਮੈਂਬਰ ਵਜੋਂ ਅਸਤੀਫਾ ਵੀ ਦਿੱਤਾ ਗਿਆ ਹੈ ਪਰ ਉਹਨਾਂ ਦੇ ਇਲਾਕੇ ਕੱਚਾ ਕੋਟ ਦੀ ਸੀਵਰ ਦੀ ਸੱਮਸਿਆ ਦਾ ਕੋਈ ਹੱਲ ਨਹੀਂ ਹੋ ਰਿਹਾ। ਪਾਣੀ ਓਵਰਫਲੋ ਹੋ ਰਿਹਾ ਹੈ । ਢਾਈ ਸਾਲਾਂ ਤੋਂ ਠੇਕੇਦਾਰ ਨੇ ਸਮਾਨ ਵੀ ਰੱਖਿਆ ਹੋਇਆ ਹੈ ਪਰ ਉਦਘਾਟਨ ਨਹੀਂ ਹੋ ਰਿਹਾ।ਜਿਸ ਤੇ ਮੇਅਰ ਜੀ ਨੇ ਐਸ.ਈ. ਨੂੰ ਹਦਾਇਤ ਕੀਤੀ ਕਿ ਐਮ.ਐਲ.ਏ. ਸਾਹਿਬ ਨਾਲ ਗੱਲ ਕਰਕੇ ਅਗਲੇ ਹਫ਼ਤੇ ਇਸ ਕੰਮ ਨੂੰ ਸ਼ੁਰੂ ਕਰਵਾਇਆ ਜਾਵੇ । ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਬੂਟੀ ਇੰਨਕਲੇਵ ਦੀਆਂ ਗਲੀਆਂ ਬਨਾਉਣ ਲਈ ਤਿੰਨ ਸਾਲਾਂ ਤੋਂ ਕਹਿ ਰਹੇ ਹਾਂ ਜਿਸ ਤੇ ਐਸ.ਈ. (ਬੀ ਐਂਡ ਆਰ) ਨੇ ਦੱਸਿਆ ਕਿ ਟੈਂਡਰ ਆ ਗਏ ਹਨ ਅਤੇ ਐਫ.ਐਂਡ ਸੀ.ਸੀ .ਕਮੇਟੀ ਨੂੰ ਭੇਜ਼ ਦਿੱਤੇ ਗਏ ਹਨ । ਕੌਂਸਲਰ ਨੇ ਰਾਜਾ ਗਾਰਡਨ, ਮਹਾਰਾਜਾ ਗਾਰਡਨ ਦੀਆਂ ਗਲੀਆਂ ਨਾ ਬਣਨ ਦਾ ਵੀ ਮੁੱਦਾ ਉਠਾਇਆ ।

ਸ੍ਰੀਮਤੀ ਸ਼ਵੇਤਾ ਧੀਰ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੇ ਬਾਕੀ ਸਾਰੇ ਕੰਮ ਹੋ ਗਏ ਹਨ ਪਰ ਬੇਰੀਆਂ ਵਾਲਾ ਸਕੂਲ ਦੇ ਪਿਛੇ ਸੀਵਰੇਜ਼ ਬੈਕ ਮਾਰਦਾ ਹੈ ਅਤੇ ਢਾਈ ਸਾਲ ਹੋ ਗਏ ਹਨ ਇਹ ਸੱਮਸਿਆ ਠੀਕ ਨਹੀਂ ਹੋ ਰਹੀ ਜਿਸ ਤੇ ਐਸ.ਈ. (ਓ ਐਂਡ ਐਮ) ਨੇ ਕਿਹਾ ਕਿ ਸੋਮਵਾਰ ਨੂੰ ਚੈਕ ਕਰ ਲੈਂਦੇ ਹਾਂ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਵਾਰਡ ਨੰ: 2 ਨੇ ਕਿਹਾ ਕਿ ਸੀਵਰੇਜ਼ ਦੀ ਕਾਫੀ ਸੱਮਸਿਆ ਹੈ ਅਤੇ ਵਾਰਡ ਨੰ: 1 ਅਤੇ 2 ਦੇ ਸੀਵਰੇਜ਼ ਓਵਰਫਲੋ ਚਲ ਰਹੇ ਹਨ ।ਫੋਕਲ ਪੁਆਇੰਟ ਦੇ ਸੀਵਰੇਜ਼ ਨੂੰ ਪਹਿਲਾਂ ਡਿਸਕੁਨੈਕਟ ਕੀਤਾ ਗਿਆ ਸੀ ਪਰ ਫਿਰ ਉਸਨੂੰ ਮੇਨ ਸੀਵਰੇਜ਼ ਨਾਲ ਜ਼ੋੜ ਦਿੱਤਾ ਗਿਆ ਹੈ ਜਿਸ ਕਰਕੇ ਇਹ ਸੱਮਸਿਆ ਬਣੀ ਹੋਈ ਹੈ। ਉਹਨਾਂ ਸੁਝਾਓ ਦਿੱਤਾ ਕਿ ਫੋਲੜੀਵਾਲ ਅਤੇ ਬਸਤੀ ਪੀਰਦਾਦ ਦੇ ਐਸ.ਟੀ.ਪੀ. ਦੀ ਕਪੈਸਿਟੀ ਵਧਾਈ ਜਾਵੇ ਕਿਉਂ ਜ਼ੋ ਇਸ ਸੀਵਰੇਜ਼ ਵਿੱਚ 22-23 ਕਲੋਨੀਆਂ ਦਾ ਪਾਣੀ ਆ ਰਿਹਾ ਹੈ । ਸਾਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ । ਇਸ ਤੇ ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਫੋਲੜੀਵਾਲ ਵਿਖੇ 50 ਐਮ.ਐਲ.ਡੀ. ਦਾ ਅਤੇ ਬਸਤੀ ਪੀਰਦਾਦ ਵਿਖੇ 15 ਐਮ.ਐਲ.ਡੀ. ਦਾ ਨਵਾਂ ਐਸ.ਟੀ.ਪੀ. ਬਣਨ ਜਾ ਰਿਹਾ ਹੈ ਅਤੇ ਫੋਕਲ ਪੁਆਇੰਟ ਵਾਲੇ ਵੀ 5 ਐਮ.ਐਲ.ਡੀ. ਦਾ ਪਲਾਂਟ ਲਗਾਉਣ ਜਾ ਰਹੇ ਹਨ । ਅਸੀਂ ਫੋਕਲ ਪੁਆਇੰਟ ਵਾਲੇ ਸੀਵਰੇਜ਼ ਦੀ ਕੁਨੈਕਟੀਵਿਟੀ ਨਹੀਂ ਦੇਵਾਂਗੇ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਕਿਹਾ ਕਿ ਅਸੀਂ ਜਿਹੜਾ ਸੀਵਰੇਜ਼ ਫੋਲੜੀਵਾਲ ਪਲਾਂਟ ਵਿਖੇ ਭੇਜ਼ ਰਹੇ ਹਨ ਉਸਦੀ ਕਪੈਸਿਟੀ ਵੀ ਚੈਕ ਕਰਵਾ ਲਈਏ ਜਾਂ ਨਹਿਰ ਦੇ ਨਾਲ-ਨਾਲ ਨਵੀਂ ਲਾਈਨ ਪਾ ਲਈਏ । ਜਿਸ ਤੇ ਐਸ.ਈ. ਨੇ ਦੱਸਿਆ ਕਿ ਪਾਈਪ ਦੀ ਕਪੈਸਟੀ ਚੈਕ ਕਰਕੇ ਹੀ ਐਸਟੀਮੇਟ ਬਨਾਇਆ ਹੈ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਵਾਰਡ ਨੰ: 2 ਨੇ ਕਿਹਾ ਕਿ ਐਨ.ਜੀ.ਟੀ. ਨਾਲ ਗੱਲ ਕਰ ਲਈ ਜਾਵੇ ਕਿ ਜਦ ਤੱਕ ਇਹ ਪਲਾਂਟ ਸ਼ੁਰੂ ਨਹੀਂ ਹੁੰਦੇ ਤਦ ਤੱਕ ਇਹ ਸੀਵਰ ਡਰੇਨ ਵਿੱਚ ਪਾਇਆ ਜਾਵੇ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਸਾਡੇ ਸ਼ਹਿਰ ਨੂੰ 300 ਐਮ.ਐਲ.ਡੀ. ਦੇ ਪਲਾਂਟਾਂ ਦੀ ਲੋੜ੍ਹ ਹੈ ਜਦ ਕਿ ਅੱਜ ਦੀ ਤਰੀਕ ਤੱਕ 235 ਐਮ.ਐਲ.ਡੀ. ਦੇ ਪਲਾਂਟ ਮੌਜੂਦ ਹਨ । ਫੋਲੜੀਵਾਲ ਵਿਖੇ 50 ਐਮ.ਐਲ.ਡੀ. ਅਤੇ ਬਸਤੀ ਪੀਰਦਾਦ ਵਿਖੇ 15 ਐਮ.ਐਲ.ਡੀ. ਦੇ ਜਿਹੜੇ ਨਵੇਂ ਪਲਾਂਟ ਬਣਨ ਜਾ ਰਹੇ ਹਨ ਇਹਨਾਂ ਦੀਆਂ ਡੀ.ਪੀ.ਆਰਜ਼ ਵੱਡੀਆਂ-ਵੱਡੀਆਂ ਕਮੇਟੀਆਂ ਵਲੋਂ ਫਾਈਨਲ ਹੁੰਦੀਆਂ ਹਨ ਜਿਹਨਾਂ ਵਿੱਚ ਟੈਕਨੀਕਲ ਲੋਕ ਵੀ ਹੁੰਦੇ ਹਨ । ਅਸੀਂ ਐਨ.ਜੀ.ਟੀ ਨੂੰ ਬੇਨਤੀ ਕਰਕੇ ਪਰਮਿਸ਼ਨ ਲਈ ਸੀ ਕਿ ਹਾਲ ਦੀ ਘੜੀ ਸਾਨੂੰ ਡਰੇਨ ਵਿੱਚ ਸੀਵਰੇਜ਼ ਸੁੱਟਣ ਦੀ ਆਗਿਆ ਦੇ ਦਿੱਤੀ ਜਾਵੇ ਤਾਂ ਜ਼ੋ ਲੋਕਾਂ ਦਾ ਨੁਕਸਾਨ ਨਾ ਹੋਵੇ । ਸੁਣਵਾਈ ਤੋਂ ਬਾਅਦ ਹੀ ਕਾਲਾ ਸੰਘਿਆ ਡਰੇਨ ਵਿੱਚ ਇਹ ਸੀਵਰੇਜ਼ ਪਾ ਰਹੇ ਹਾਂ ।ਜਿਸ ਤੇ ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਨੇ ਕਮਿਸ਼ਨਰ ਜੀ ਦਾ ਧੰਨਵਾਦ ਕੀਤਾ ਪਰ ਇਹ ਵੀ ਕਿਹਾ ਕਿ ਅਜੇ ਰਲੀਫ ਨਹੀਂ ਮਿਲੀ । ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਇੰਡਸਟਰੀ ਤੇ ਸ਼ਹਿਰ ਨੂੰ ਬਿਜਲੀ ਮਿਲੇ ਜਿਸ ਕਰਕੇ 84-85 ਲੱਖ ਰੁਪਏ ਦਾ ਬਿਜਲੀ ਬੋਰਡ ਨੇ ਨਗਰ ਨਿਗਮ ਪਾਸ ਫੰਡ ਜਮ੍ਹਾਂ ਕਰਵਾਏ । ਲੋਕਾਂ ਨੇ ਸੜਕ ਤੋੜਣ ਤੋਂ ਕਾਫੀ ਇਤਰਾਜ਼ ਕੀਤਾ ਸੀ ਪਰ ਲੋਕਾਂ ਨੂੰ ਮਨਾ ਕੇ ਇਹ ਕੰਮ ਕਰਵਾਇਆ ਗਿਆ ਹੈ ਪਰ ਸੜਕ ਅਜੇ ਤੱਕ ਦੋਬਾਰਾ ਨਹੀਂ ਬਣੀ ਹੈ । ਜਿਸ ਤੇ ਐਸ.ਈ.(ਬੀ ਐਂਡ ਆਰ) ਨੇ ਦੱਸਿਆ ਕਿ 10-15 ਦਿਨਾਂ ਤੱਕ ਇਹ ਸੜਕ ਬਣ ਜਾਵੇਗੀ । ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਸਫਾਈ ਸੁਪਰਵਾਈਜ਼ਰ ਸਵੇਰੇ 8 ਵਜੇ ਤੱਕ ਆਉਂਦੇ ਨਹੀਂ ਅਤੇ 9 ਵਜੇ ਚਲੇ ਜਾਂਦੇ ਹਨ । ਇਸ ਬਾਰੇ ਉਹਨਾਂ ਚੇਅਰਮੈਨ ਸ੍ਰੀ ਬਲਰਾਜ ਠਾਕੁਰ ਨੂੰ ਵੀ ਦੱਸਿਆ ਸੀ ਅਤੇ ਸੰਯੁਕਤ ਕਮਿਸ਼ਨਰ(ਹ) ਨੂੰ ਸ਼ਕਾਇਤ ਵੀ ਦਿੱਤੀ ਸੀ । ਸੰਯੁਕਤ ਕਮਿਸ਼ਨਰ (ਹ) ਨੇ ਜਵਾਬ ਦਿੰਦਿਆ ਕਿਹਾ ਕਿ ਸ਼ਕਾਇਤ ਆਈ ਹੋਈ ਹੈ ਅਤੇ ਹੋਰ ਵੀ ਸ਼ਕਾਇਤਾਂ ਹਨ ਜਿਸ ਬਾਰੇ ਕਾਰਵਾਈ ਕੀਤੀ ਜਾ ਰਹੀ ਹੈ ।

ਸ੍ਰੀਮਤੀ ਸੁਨੀਤਾ ਰਿੰਕੂ, ਕੌਂਸਲਰ ਨੇ ਕਿਹਾ ਕਿ 120 ਫੁੱਟੀ ਰੋਡ ਤੇ ਨਰੂਲਾ ਪੈਲੇਸ ਦੇ ਨੇੜੇ ਚੋਂਕ ਦਾ ਨਾਮ ਸਵਰਗੀਯ ਸ੍ਰੀ ਯਸ਼ਪਾਲ ਡਾਲੀਆ ਦੇ ਨਾਮ ਤੇ ਰੱਖਿਆ ਜਾਵੇ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਮਤਾ ਪੇਸ਼ ਕਰਨ ਲਈ ਕਿਹਾ।

ਸ੍ਰੀ ਵਰੇਸ਼ ਕੁਮਾਰ, ਕੌਂਸਲਰ ਨੇ ਕਿਹਾ ਕਿ ਕਮਿਸ਼ਨਰ ਜੀ ਦੇ ਆਉਣ ਤੋਂ ਬਾਅਦ ਸ਼ਹਿਰ ਦਾ ਸੁਧਾਰ ਹੋਣਾ ਸ਼ੁਰੂ ਹੋਇਆ ਹੈ ਜਿਸ ਲਈ ਉਹ ਧੰਨਵਾਦ ਕਰਦੇ ਹਨ । ਪਰ ਵੈਸਟ ਹਲਕਾ ਅਤੇ ਖ਼ਾਸ ਕਰਕੇ ਸਲੱਮ ਏਰੀਆ ਪਾਣੀ ਨਾਲ ਭਰਿਆ ਹੋਇਆ ਹੈ । ਦੋ-ਤਿੰਨ ਮਹੀਨਿਆਂ ਤੱਕ ਕੰਪਲੇਟਾਂ ਦੂਰ ਨਹੀਂ ਹੁੰਦੀਆਂ । ਮੇਰੇ ਵਾਰਡ ਵਿੱਚ 2-3 ਸੀਵਰਮੈਨ, 5-6 ਸਫਾਈ ਸੇਵਕ ਅਤੇ ਇੱਕ ਹੀ ਰੇਹੜਾ ਹੈ । ਕਿਸ ਤਰ੍ਹਾਂ ਕੰਮ ਚਲਾਵਾਂਗੇ । ਸੀਵਰੇਜ਼ ਦੀ ਬਹੁਤ ਸ਼ਕਾਇਤ ਹੈ । ਗੱਡੀ 6-7 ਦਿਨਾਂ ਤੱਕ ਨਹੀਂ ਮਿਲਦੀ । ਪਿਛਲੇ ਹਾਊਸ ਵਲੋਂ 535 ਸਫਾਈ ਸੇਵਕ ਰੱਖਣ ਲਈ ਮਤਾ ਪਾਸ ਕੀਤਾ ਸੀ ਪਰ ਅਜੇ ਤੱਕ ਨਹੀਂ ਰੱਖੇ ਗਏ । ਤੁਸੀਂ ਰੋਡ ਸਵੀਪਿੰਗ ਮਸ਼ੀਨ ਦਾ ਪਿਛਲਾ ਪ੍ਰੋਜੈਕਟ ਰੱਦ ਕਰਕੇ ਨਵਾਂ ਲਿਆਂਦਾ । ਕੀ ਉਹ ਤਸੱਲੀਬਖ਼ਸ਼ ਕੰਮ ਕਰ ਰਿਹਾ ਹੈ । 15 ਤੋਂ 20 ਮਿੰਟ ਮਸ਼ੀਨ ਚਲਦੀ ਹੈ ਤੇ ਨਾਲ ਹੀ ਉਸਨੂੰ ਕਰੋਨਾ ਹੋ ਜਾਂਦਾ ਹੈ । ਐਲ.ਈ.ਡੀ. ਦਾ ਪ੍ਰੋਜ਼ੈਕਟ ਵੀ ਨਹੀਂ ਚਲ ਰਿਹਾ। ਉਹਨਾਂ ਇਹ ਵੀ ਕਿਹਾ ਕਿ ਕਰੋਨਾ ਕਾਲ ਵਿੱਚ ਲੋਕਾਂ ਦਾ ਕਾਫੀ ਨੁਕਸਾਨ ਹੋਇਆ ਹੈ ਅਤੇ ਉਹ ਸੁਝਾਓ ਦਿੰਦੇ ਹਨ ਕਿ ਇਸ ਸਾਲ ਲਈ 10 ਮਰਲੇ ਤੱਕ ਦੇ ਰਿਹਾਇਸ਼ੀ ਘਰਾਂ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਦਿੱਤੀ ਜਾਵੇ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ 65000 ਨਵੀਆਂ ਲਾਈਟਾਂ ਲਗਣੀਆਂ ਹਨ ਅਤੇ ਇਹ ਪ੍ਰੋਵੀਜ਼ਨ ਵੀ ਹੈ ਕਿ ਕੁਝ ਨਵੇਂ ਏਰੀਏ ਐਡ ਹੋਏ ਹਨ ਅਤੇ ਕੁਝ ਪੁਆਇੰਟਸ ਮਿਸਿੰਗ ਹਨ । ਜਿਸ ਲਈ ਸਰਵੇ ਚਲ ਰਿਹਾ ਹੈ। ਸਰਵੇ ਵਿੱਚ ਐਲ.ਪੀ.ਯੂ. ਦੇ ਵਿਦਿਆਰਥੀਆਂ ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ । ਲਾਈਟਾਂ ਲੱਗਣ ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ ਅਤੇ ਪੰਜ ਸਾਲਾਂ ਵਾਸਤੇ ਮੇਨਟੀਨੈਂਸ ਵੀ ਕੰਪਨੀ ਨੇ ਕਰਨੀ ਹੈ ਜਿਸ ਕਰਕੇ ਕੋਈ ਸ਼ਕਾਇਤ ਨਹੀਂ ਆਵੇਗੀ । ਸਰਵੇ ਦਾ 80% ਕੰਮ ਮੁਕੰਮਲ ਹੋ ਚੁੱਕਾ ਹੈ । 15 ਦਿਨਾਂ ਦੇ ਅੰਦਰ- ਅੰਦਰ ਕੰਮ ਸ਼ੁਰੂ ਹੋ ਜਾਵੇਗਾ ।

ਸ੍ਰੀਮਤੀ ਪਰਵੀਨਾ ਮੰਨੂ, ਕੌਂਸਲਰ ਨੇ ਕਿਹਾ ਕਿ 30 ਦੇ ਲੱਗਭਗ ਸਫਾਈ ਸੇਵਕਾਂ ਦੀ ਮੌਤ ਹੋਣ ਉਪਰੰਤ ਉਹਨਾਂ ਦੇ ਵਾਰਸਾਂ ਨੂੰ ਨੌਕਰੀ ਦਿੱਤੀ ਗਈ ਹੈ ਪਰ ਜਿਸ ਵਾਰਡ ਦੇ ਸਫਾਈ ਸੇਵਕ ਦੀ ਮੌਤ ਹੁੰਦੀ ਹੈ ਤਾਂ ਵਾਪਸ ਉਸ ਵਾਰਡ ਨੂੰ ਸਫਾਈ ਸੇਵਕ ਨਹੀਂ ਦਿੱਤਾ ਜਾਂਦਾ । ਇਹ ਪ੍ਰਾਬਲਮ ਸਾਰੇ ਕੌਂਸਲਰ ਫੇਸ ਕਰ ਰਹੇ ਹਨ । ਉਹਨਾਂ ਦੇ ਵਾਰਡ ਵਿੱਚ ਐਮ.ਆਰ.ਐਫ. ਦਾ ਪਿਟ ਬਣਿਆ ਹੋਇਆ ਹੈ ਅਤੇ ਖ਼ਾਦ ਬਣਨੀ ਸ਼ੁਰੂ ਹੋ ਗਈ ਹੈ ਤੇ ਵਾਰਡ ਵੀ ਕਾਫੀ ਸਾਫ ਸੁਥਰਾ ਹੋ ਗਿਆ ਹੈ ।ਪਰ ਕੈਮੀਕਲ ਨਹੀਂ ਮਿਲ ਰਿਹਾ ਤੇ ਕੋਈ ਕਰਮਚਾਰੀ ਵੀ ਨਹੀਂ ਹੈ ਜਿਹੜਾ ਕੈਮੀਕਲ ਪਾਵੇ । ਉਹਨਾਂ ਦੀ ਕੋਸ਼ਿਸ਼ ਹੈ ਕਿ ਉਹ ਕੈਂਟ ਏਰੀਏ ਦੀ ਸਫਾਈ ਨਾਲ ਕੰਪੀਟੀਸ਼ਨ ਕਰਨ ।

ਕਮਿਸ਼ਨਰ ਜੀ ਨੇ ਕਿਹਾ ਕਿ ਤੁਸੀਂ ਆਪਣੇ ਵਾਰਡ ਵਿੱਚੋਂ ਕੋਈ ਬੰਦਾ ਲੱਭ ਲਵੋ ਅਤੇ ਜਿੰਨੇ ਪੈਸੇ ਅਸੀਂ ਇੱਕ ਮੋਟੀਵੇਟਰ ਨੂੰ ਦਿੰਦੇ ਹਾਂ ਉਹਨੇ ਪੈਸੇ ਦੇ ਦਵਾਂਗੇ । ਅਸੀਂ ਤੁਹਾਡੇ ਇਸ ਪ੍ਰੋਜੈਕਟ ਲਈ ਧੰਨਵਾਦੀ ਹਾਂ ਅਤੇ ਕੈਮੀਕਲ ਵੀ ਜਲਦ ਦਵਾ ਦੇਵਾਂਗੇ

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਨੇ ਮੇਅਰ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੋਵਿਡ ਦੌਰਾਣ ਤੁਸੀਂ ਸ਼ਹਿਰ ਦੇ ਹਿੱਤਾਂ ਨੂੰ ਮੁੱਖ ਰਖ਼ਦੇ ਹੋਏ ਅੱਜ ਦੀ ਇਹ ਮੀਟਿੰਗ ਬੁਲਾਈ ਹੈ । ਉਹਨਾਂ ਕਿਹਾ ਕਿ ਕੀ ਬਿਲਡਿੰਗ ਬ੍ਰਾਂਚ ਦੇ ਅਧਿਕਾਰੀਆਂ ਨੂੰ ਕੋਈ ਪੋਲੀਟੀਕਲ ਪ੍ਰੈਸ਼ਰ ਹੈ ਜਿਹੜਾ ਉਹ ਚੇਅਰਮੈਨ, ਬਿਲਡਿੰਗ ਕਮੇਟੀ ਅਤੇ ਉਹਨਾਂ ਦੇ ਮੈਂਬਰਾਂ ਦਾ ਸਾਥ ਨਹੀਂ ਦੇ ਰਹੇ । ਦਾਲ ਵਾਲੀ ਬਿਲਡਿੰਗ, ਫਗਵਾੜਾ ਗੇਟ ਅਤੇ ਹੁਸ਼ਿਆਰਪੁਰ ਰੋਡ ਤੇ ਬਿਲਡਿੰਗ ਨੂੰ ਸੀਲ ਕੀਤਾ ਗਿਆ ਸੀ ਪਰ ਕੁਝ ਘੰਟਿਆ ਬਾਅਦ ਹੀ ਸੀਲ ਖੋਲ ਦਿੱਤੀ ਗਈ । 108 ਕਲੋਨੀਆਂ ਦੱਸੀਆਂ ਗਈਆਂ ਸਨ ਜਿਨਾਂ ਤੋਂ 2.50 ਕਰੋੜ ਰੁਪਏ ਦਾ ਰੈਵੇਨਿਯੂ ਆਉਣਾ ਸੀ । ਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਸਗੋਂ 200 ਦੇ ਕਰੀਬ ਹੋਰ ਨਜਾਇਜ਼ ਕਲੋਨੀਆਂ ਸ਼ਹਿਰ ਅੰਦਰ ਕੱਟੀਆਂ ਜਾ ਚੁੱਕੀਆਂ ਹਨ। ਲੰਡਨ ਬੈਠੇ ਹੀ ਐਲਨ ਸੰਧੂ ਨਾਮ ਦੇ ਵਿਅਕਤੀ ਨੇ ਲੱਧੇਵਾਲੀ ਵਿਖੇ ਇੱਕ ਨਜਾਇਜ਼ ਕਲੋਨੀ ਆਨਲਾਈਨ ਹੀ ਕੱਟ ਦਿੱਤੀ ਹੈ। ਸੀਵਰੇਜ ਵੀ ਪੈ ਗਿਆ ਹੈ । 19 ਕਲੋਨੀਆਂ ਦੀ ਲਿਸਟ ਦਿੱਤੀ ਸੀ ਅਤੇ ਫੋਟੋਆ ਵੀ ਦਿੱਤੀਆਂ ਸਨ ਪਰ ਏ.ਟੀ.ਪੀ. ਥਰੂ ਇਹ ਮਿਸਲ ਅੱਗੇ ਭੇਜਣ ਉਪਰੰਤ ਵੀ ਕੋਈ ਕਾਰਵਾਈ ਨਹੀਂ ਹੋਈ । ਜਿਸ ਤੇ ਸੰਯੁਕਤ ਕਮਿਸ਼ਨਰ (ਹ) ਨੇ ਕਿਹਾ ਕਿ ਪਰੋਸੀਜ਼ਰ ਅਡਾਪਟ ਕਰਕੇ ਹੀ ਬਿਲਡਿੰਗਾਂ ਦੀ ਸੀਲ ਖੋਲ੍ਹੀ ਗਈ ਹੈ ।ਐਫੀਡੈਵਿਟ ਲੈ ਕੇ ਹੀ ਕਾਰਵਾਈ ਕੀਤੀ ਗਈ ਹੈ । ਇਸ ਤੇ ਮੇਅਰ ਜੀ ਨੇ ਕਿਹਾ ਕਿ ਸੋਮਵਾਰ ਬਿਲਡਿੰਗ ਐਡਹਾਕ ਕਮੇਟੀ ਨਾਲ ਬੈਠ ਕੇ ਇਹਨਾਂ ਗੱਲਾਂ ਦਾ ਹੱਲ ਕਢਾਂਗੇ । ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਚਾਵਲਾ ਕਲੋਨੀ ਲਈ ਐਫ.ਆਈ.ਆਰ. ਕਰਨ ਨੂੰ ਕਿਹਾ ਸੀ ਪਰ ਕੁਝ ਨਹੀਂ ਹੋਇਆ । ਜਿਸ ਤੇ ਸੰਯੁਕਤ ਕਮਿਸ਼ਨਰ (ਹ) ਨੇ ਕਿਹਾ ਕਿ ਅਸੀਂ ਪੁਲਿਸ ਕਮਿਸ਼ਨਰ, ਜਲੰਧਰ ਨੂੰ ਲਿਖ ਕੇ ਭੇਜ਼ ਚੁੱਕੇ ਹਾਂ । ਕੌਂਸਲਰ ਨੇ ਅੱਗੇ ਬੋਲਦਿਆ ਕਿਹਾ ਕਿ ਕੋਲੋਨਾਈਜ਼ਰ ਤਾਂ ਕਲੋਨੀਆਂ ਰੈਗੂਲਰ ਕਰਵਾਉਣ ਲਈ ਤਿਆਰ ਹਨ ਪਰ ਸੈਕਸ਼ਨ ਕਮੇਟੀ ਦੀ ਮੀਟਿੰਗ ਨਹੀਂ ਹੋ ਰਹੀ। ਪੰਜ ਬਿਲਡਿੰਗਾਂ ਨਕੋਦਰ ਰੋਡ ਤੇ ਚੱਲ ਰਹੀਆਂ ਹਨ। ਬਿਲਡਿੰਗ ਬ੍ਰਾਂਚ ਨੂੰ ਐਨ.ਓ.ਸੀ., ਸੀ.ਐਲ.ਯੂ, ਅਤੇ ਨਕਸ਼ੇ ਪਾਸ ਕਰਨ ਤੇ 25 ਕਰੋੜ ਰੁਪਏ ਦਾ ਰੈਵੀਨਿਊ ਆਉਂਦਾ ਹੈ। ਜੇਕਰ ਬਿਲਡਿੰਗ ਐਡਹਾਕ ਕਮੇਟੀ ਨੂੰ ਪਾਵਰ ਦੇ ਦਿੱਤੀ ਜਾਵੇ ਤਾਂ ਇਹ ਰੈਵੀਨਿਊਂ 200 ਕਰੋੜ ਰੁਪਏ ਦਾ ਆਵੇਗਾ। ਉਨ੍ਹਾਂ ਅੱਗੇ ਕਿਹਾ ਕਿ ਜਿਹੜੇ ਵਿਕਾਸ ਦੇ ਕੰਮਾਂ ਦੇ ਤਖਮੀਨੇ, ਕੌਂਸਲਰਾਂ ਵੱਲੋ ਤਿਆਰ ਕਰਵਾਏ ਜਾਂਦੇ ਹਨ, ਪਹਿਲਾਂ ਉਨ੍ਹਾਂ ਤੇ ਐਸ.ਈ. ਤੋਂ ਬਾਅਦ ਸਿੱਧੇ ਕਮਿਸ਼ਨਰ ਸਾਹਿਬ ਦੇ ਹਸਤਾਖ਼ਰ ਹੁੰਦੇ ਸਨ ਪਰ ਹੁਣ ਸੰਯੁਕਤ ਕਮਿਸ਼ਨਰ ਦੇ ਰਾਹੀ ਕਰਵਾਉਣੇ ਪੈਂਦੇ ਹਨ ਜਿਸ ਨਾਲ ਬੇਲੋੜੀ ਦੇਰੀ ਹੁੰਦੀ ਹੈ। ਇਸ ਤੇ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਪਰੋਸੀਜ਼ਰ ਛੋਟਾ ਕਰਨ ਲਈ ਹਦਾਇਤ ਕੀਤੀ।

ਸ਼੍ਰੀਮਤੀ ਰਾਧਿਕਾ ਪਾਠਕ ਕੌਂਸਲਰ ਨੇ ਕਿਹਾ ਕਿ ਮਿਲਾਪ ਚੌਂਕ ਵਿਖੇ ਪੁੱਡਾ ਵਾਲਿਆ ਨੇ ਆਪਣੀ ਜਗ੍ਹਾ ਕਲੀਅਰ ਕਰਕੇ ਮਲਵਾ ਬਾਹਰ ਸੜਕ ਤੇ ਸੁੱਟ ਦਿੱਤਾ ਹੈ। ਉਸ ਨੂੰ ਚੁਕਵਾਇਆ ਜਾਵੇ ਜਿਸ ਤੇ ਕਮਿਸ਼ਨਰ ਜੀ ਨੇ ਦੱਸਿਆ ਕਿ ਪਹਿਲਾ ਇਸ ਥਾਂ ਤੇ ਦੀਵਾਰ ਨਹੀਂ ਬਣੀ ਸੀ ਪ੍ਰੰਤੂ ਹੁਣ ਦੀਵਾਰ ਬਣਨ ਨਾਲ ਇਹ ਮਲਵਾ ਸੜ੍ਹਕ ਤੇ ਆਇਆ ਹੈ ਅਗਲੇ ਹਫਤੇ ਤੱਕ ਚੁੱਕਵਾ ਦਿੱਤਾ ਜਾਵੇਗਾ।

ਸ਼੍ਰੀਮਤੀ ਨੀਰਜਾ ਜੈਨ ਕੌਂਸਲਰ ਨੇ ਕਿਹਾ ਕਿ ਜਲੰਧਰ ਨਗਰ ਨਿਗਮ ਨੂੰ ਵਿਗਿਆਪਨ ਦਾ ਠੇਕਾ ਚਾਰ ਜ਼ੋਨਾਂ ਵਿੱਚ ਵੰਡ ਕੇ ਦੇਣਾ ਚਾਹੀਦਾ ਹੈ ਕਿਉਂਕਿ 16 ਵਾਰ ਟੈਂਡਰ ਲਗਾਉਣ ਦੇ ਬਾਵਜੂਦ ਕੋਈ ਟੈਂਡਰ ਨਹੀਂ ਆਇਆ ਹੈ। ਵੱਡੀਆਂ ਕੰਪਨੀਆਂ ਆਉਣੀਆਂ ਚਾਹੀਦੀਆਂ ਹਨ ਇਸ ਲਈ ਚਾਰ ਭਾਗਾਂ ਵਿੱਚ ਇਹ ਟੈਂਡਰ ਵੰਡ ਦੇਣਾ ਚਾਹੀਦਾ ਹੈ। ਬਤੌਰ ਚੇਅਰਮੈਨ ਉਹ ਜਿਹੜੀ ਵੀ ਮੀਟਿੰਗ ਕਰਦੇ ਹਨ ਉਸ ਦੀ ਕੋਈ ਕਾਰਵਾਈ ਉਨ੍ਹਾਂ ਨੂੰ ਨਹੀਂ ਦਿੱਤੀ ਜਾਂਦੀ। 59 ਪੋਲਾਂ ਦਾ ਜਿਹੜਾਂ ਠੇਕਾ ਦਿੱਤਾ ਹੋਇਆ ਹੈ ਉਹ ਵੀ ਸਹੀਂ ਨਹੀਂ ਲੱਗੇ ਹੋਏ। ਸੜ੍ਹਕ ਦੇ ਵਿਚਕਾਰ ਅਜਿਹੇ ਪੋਲ ਨਹੀਂ ਲੱਗ ਸਕਦੇ। ਸੁਪਰਡੰਟ ਨੂੰ ਕਿਹਾ ਗਿਆ ਤਾਂ ਉਸ ਨੇ ਦੱਸਿਆ ਕਿ ਜੁਰਮਾਨਾਂ ਲਗਾ ਚੁੱਕੇ ਹਾਂ ਪਰ ਇਹ ਉਤਾਰੇ ਕਿਉਂ ਨਹੀਂ ਗਏ। ਸਾਰੇ 59 ਪੋਲ ਗਲਤ ਲੱਗੇ ਹੋਏ ਹਨ ਕਿਉਂ ਜ਼ੋ ਪਾਲਿਸੀ ਮੁਤਾਬਿਕ ਦੋ ਪੋਲਾਂ ਵਿਚਕਾਰ 75 ਮੀਟਰ ਦੀ ਦੂਰੀ ਹੋਣੀ ਚਾਹੀਦੀ ਹੈ ਪਰ ਇਹ ਨਾਲ-ਨਾਲ ਹੀ ਲੱਗੇ ਹੋਏ ਹਨ। 53 ਪੋਲਾਂ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ। ਕੋਰਟ ਦੇ ਆਰਡਰ ਹਨ ਕਿ ਲੋਕਾਂ ਦੀ ਸੇਫਟੀ ਦੇਖ ਕੇ ਹੀ ਅਜਿਹੇ ਪੋਲ ਲਗਵਾਏ ਜਾਣ। ਸੁਪਰਡੰਟ ਪਾਸ ਦੋ-ਦੋ ਚਾਰਜ ਹਨ। ਜਿਸ ਕਰਕੇ ਕੰਮ ਸਹੀਂ ਢੰਗ ਨਾਲ ਨਹੀਂ ਹੋ ਰਿਹਾ। ਪਹਿਲੀ ਮੀਟਿੰਗ ਦੀ ਕਾਰਵਾਈ ਮੰਗੀ ਗਈ ਤਾਂ ਸਿਰਫ ਮੇਰੇ ਵੱਲੋ ਦਿੱਤੇ ਸੁਝਾਅ ਹੀ ਭੇਜ਼ ਦਿੱਤੇ ਗਏ। ਅਸੀ ਚੇਅਰਮੈਨ ਬਣ ਤਾਂ ਗਏ ਹਾਂ ਪਰ ਕੋਈ ਪਾਵਰ ਨਹੀਂ ਦਿੱਤੀ ਗਈ। ਵਨ ਸਿਟੀ ਵਨ ਟੈਂਡਰ ਨਹੀਂ ਹੋਣਾ ਚਾਹੀਦਾ ਹੈ।

ਕਮਿਸ਼ਨਰ ਜੀ ਨੇ ਦੱਸਿਆ ਕਿ ਸਟੇਟ ਲੈਵਲ ਤੇ ਫੈਸਲਾ ਹੋਇਆ ਸੀ ਕਿ ਸ਼ਹਿਰ ਦੀ ਦਿੱਖ ਨੂੰ ਇੱਕ ਤਰ੍ਹਾਂ ਨਾਲ ਕਰਨ ਲਈ ਵਨ ਸਿਟੀ ਵਨ ਟੈਂਡਰ ਜਾ ਵਨ ਕਲੱਸਟਰ ਵਨ ਟੈਂਡਰ ਹੋਵੇ। ਸਭ ਤੋਂ ਪਹਿਲਾ ਲੁਧਿਆਣਾ ਵਿੱਚ ਜਿੱਥੇ ਸਾਲ ਦਾ 1.25 ਕਰੋੜ ਰੁਪਏ ਆਉਂਦਾ ਸੀ ਉੱਥੇ ਟਰਾਂਸਪੇਰੇਂਟ ਟੈਂਡਰ ਪਰੋਸੀਜਰ ਨਾਲ 24 ਕਰੋੜ ਰੁਪਏ ਬਿਨ੍ਹਾਂ ਟੈਕਸ ਤੋਂ ਅਤੇ ਜੇਕਰ ਟੈਕਸ ਜ਼ੋੜ ਲਿਆ ਜਾਵੇ ਤਾਂ 32.75 ਕਰੋੜ ਰੁਪਏ ਰੈਵੇਨਿਊ ਪ੍ਰਾਪਤ ਹੋ ਰਿਹਾ ਹੈ। ਇਹ ਪਾਲਿਸੀ ਸਟੇਟ ਲੈਵਲ ਅਤੇ ਕੈਬੀਨੇਟ ਤੋਂ ਅਪਰੂਵਡ ਹੈ। ਤੁਹਾਡੇ ਦੋ ਸਾਲਾਂ ਤੋਂ ਸਿਰਫ ਇੱਕ ਹੀ ਜ਼ੋਨ ਦਾ ਟੈਂਡਰ ਹੋਇਆ ਹੈ। ਅਸੀ ਡਸਟਬਿਨ ਡੰਪਇੰਗ ਸਾਈਡ ਜਿਹੜੀਆਂ ਕਿ ਇਸ ਟੈਂਡਰ ਵਿੱਚ ਪਾਈਆਂ ਸਨ ਬਾਹਰ ਕੱਢ ਦਿੱਤੀਆਂ ਹਨ ਕਿਉਂ ਜ਼ੋ ਸਵੱਛ ਭਾਰਤ ਮਿਸ਼ਨ ਤਹਿਤ ਇਨ੍ਹਾਂ ਨੂੰ ਉਸ ਵਿੱਚ ਨਹੀਂ ਪਾਇਆ ਜਾ ਸਕਦਾ। ਜਿਹੜੀ ਐਡਵਰਟਾਈਜ਼ਮੈਂਟ ਰੈਗੂਲੇਸ਼ਨਸ ਕਮੇਟੀ ਵੱਲੋ ਸਾਈਟਾਂ ਪਾਲਿਸੀ ਮੁਤਾਬਿਕ ਅਪਰੂਵਡ ਹੋਣਗੀਆਂ ਉਨ੍ਹਾਂ ਥਾਵਾਂ ਤੇ ਹੀ ਵਿਗਿਆਪਨ ਬਾਜ਼ੀ ਹੋ ਸਕਦੀ ਹੈ। ਟੈਂਡਰ ਸਿਰੇ ਨਾ ਚੜ੍ਹਨ ਕਰਕੇ ਦਸ ਬਾਰਾ ਕਰੋੜ ਰੁਪਏ ਸਾਲ ਦਾ ਵੇਸਟ ਹੋ ਰਿਹਾ ਹੈ। ਇਸ ਤੇ ਮੇਅਰ ਜੀ ਨੇ ਕਿਹਾ ਕਿ ਜ਼ੋ ਵੀ ਅਧਿਕਾਰੀ ਇਹ ਕੰਮ ਕਰ ਰਹੇ ਹਨ ਉਹ ਐਡਹਾਕ ਕਮੇਟੀ ਤੋਂ ਬਿਨ੍ਹਾਂ ਕਰ ਰਹੇ ਹਨ। ਕੋਈ ਵੀ ਟੈਂਡਰ ਲਗਾਉਣ ਤੋਂ ਪਹਿਲਾਂ ਐਡਹਾਕ ਕਮੇਟੀ ਨੂੰ ਵਿਸ਼ਵਾਸ਼ ਵਿਚ ਲਿਆਇਆ ਜਾਵੇ।

ਸ਼੍ਰੀਮਤੀ ਸੁਰਿੰਦਰ ਕੌਰ ਸੀਨੀਅਰ ਡਿਪਟੀ ਮੇਅਰ ਨੇ ਬੋਲਦਿਆਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਚੰਗਾਂ ਹੁੰਦਾ ਜੇਕਰ ਵਿਕਾਸ ਦੇ ਕੰਮ ਵੀ ਸ਼ਾਮਲ ਕੀਤੇ ਜਾਂਦੇ। ਉਨ੍ਹਾਂ ਮੇਅਰ ਜੀ ਨੂੰ ਦਿਵਾਲੀ ਦੇ ਤਿਉਹਾਰ ਦੇ ਮੌਕੇ ਤੇ ਸਾਰੇ ਕੌਂਸਲਰਾ ਨੂੰ 10-10 ਲਾਈਟਾਂ ਦਾ ਤੋਹਫਾ ਦੇਣ ਲਈ ਕਿਹਾ ਜਿਸ ਤੇ ਕਮਿਸ਼ਨਰ ਜੀ ਨੇ ਕਿਹਾ ਕਿ ਅਸੀ ਕੰਪਨੀ ਨੂੰ ਕਹਿ ਚੁੱਕੇ ਹਾਂ ਅਤੇ ਦਿਵਾਲੀ ਤੋਂ ਪਹਿਲਾਂ-ਪਹਿਲਾਂ ਕੰਮ ਸ਼ੁਰੂ ਹੋ ਜਾਵੇਗਾ। ਜਿੱਥੇ-ਜਿੱਥੇ ਸਰਵੇ ਖ਼ਤਮ ਹੋਇਆ ਉੱਥੇ ਪਹਿਲਾ ਕੰਮ ਸ਼ੁਰੂ ਕਰਨਗੇ। 100% ਚਾਰੋ ਵਿਧਾਨ ਸਭਾ ਖੇਤਰ ਅਤੇ ਖਾਸ ਕਰਕੇ ਲੇਡੀਜ਼ ਵਾਰਡ ਵਿਖੇ ਪਹਿਲਾ ਇਹ ਕੰਮ ਸ਼ੁਰੂ ਹੋ ਜਾਣਗੇ। ਸੀਨੀਅਰ ਡਿਪਟੀ ਮੇਅਰ ਨੇ ਅੱਗੇ ਬੋਲਦਿਆ ਕਿਹਾ ਕਿ ਘਰੇਲੂ ਨਕਸ਼ੇ ਅਤੇ ਐਨ.ਓ.ਸੀ ਦੀਆਂ ਫਾਈਲਾਂ ਬਹੁਤ ਰੁੱਕਦੀਆਂ ਹਨ। ਉਹ ਮੰਗ ਕਰਦੇ ਹਨ ਕਿ ਘੱਟ ਤੋਂ ਘੱਟ ਘਰੇਲੂ ਨਕਸ਼ੇ ਅਤੇ ਐਨ.ਓ.ਸੀ. ਮੈਨੂਅਲ ਤਰੀਕੇ ਨਾਲ ਪਾਸ ਕਰ ਦੇਣੇ ਚਾਹੀਦੇ ਹਨ। ਜਿਸ ਤੇ ਮੇਅਰ ਜੀ ਨੇ ਕਿਹਾ ਕਿ ਬਿਲਡਿੰਗ ਐਡਹਾਕ ਕਮੇਟੀ ਇਸ ਬਾਰੇ ਮਤਾ ਪੇਸ਼ ਕਰੇ। ਸੀਨੀਅਰ ਡਿਪਟੀ ਮੇਅਰ ਨੇ ਇਹ ਵੀ ਮੰਗ ਕੀਤੀ ਕਿ ਅਵਾਰਾ ਕੁੱਤਿਆ ਲਈ ਡਾਗ ਕੰਪਾਊਂਡ ਬਣਾਇਆ ਜਾਵੇ। ਕਮਿਸ਼ਨਰ ਜੀ ਨੇ ਜੁਆਬ ਦਿੰਦੇਆ ਕਿਹਾ ਕਿ Pervantion of Cruality towords Animals Act ਮੁਤਾਬਿਕ ਅਸੀਂ ਕੁੱਤਿਆ ਨੂੰ ਮਾਰ ਨਹੀਂ ਸਕਦੇ ਅਤੇ ਐਨੀਮਲ ਬਰਥ ਕੰਟਰੋਲ ਪ੍ਰੋਗਰਾਮ ਤਹਿਤ ਜਿੱਥੋ ਜਿੱਥੋ ਅਵਾਰਾ ਕੁੱਤਿਆ ਨੂੰ ਚੁੱਕਿਆ ਜਾਂਦਾ ਹੈ ਦੁਬਾਰਾ ਉੱਥੇ ਹੀ ਛੱਡਣਾ ਹੁੰਦਾ ਹੈ। ਇਸ ਕਰਕੇ ਅਸੀ ਐਕਟ ਦੀ ਵਾਈਲੇਸ਼ਨ ਨਹੀਂ ਕਰ ਸਕਦੇ। ਜਿੱਥੇ ਤੱਕ ਡਾਗ ਕੰਪਾਊਂਡ ਦੀ ਗੱਲ ਹੈ ਮਾਣਯੋਗ ਮੁੱਖ ਮੰਤਰੀ ਜੀ ਦੇ ਪੱਧਰ ਤੇ ਵਾਤਾਰਵਰਨ ਮੰਤਰਾਲੇ ਨਾਲ ਇਹ ਗੱਲਬਾਤ ਚੱਲ ਰਹੀ ਹੈ।

ਸ਼੍ਰੀਮਤੀ ਜ਼ਸਲੀਨ ਸੇਠੀ ਕੌਂਸਲਰ ਨੇ ਮੇਅਰ ਜੀ ਨੂੰ, ਨਗਰ ਨਿਗਮ ਦੇ ਅਧਿਕਾਰੀਆਂ ਅਤੇ ਸਫਾਈ ਕਰਮਚਾਰੀਆਂ ਨੂੰ ਖਾਸ ਤੋਰ ਤੇ ਮੁਬਾਰਕਬਾਦ ਦਿੱਤੀ ਕਿ ਕੋਵਿਡ ਦੌਰਾਨ ਸ਼ਹਿਰ ਦੀ ਸਾਫ ਸਫਾਈ ਬਿਹਤਰ ਢੰਗ ਨਾਲ ਹੁੰਦੀ ਰਹੀ ਹੈ ਜਿਸ ਤੇ ਸਮੂਹ ਕੌਂਸਲਰਾਂ ਨੇ ਤਾੜੀਆਂ ਮਾਰੀਆਂ। ਉਨ੍ਹਾਂ ਅੱਗੇ ਕਿਹਾ ਕਿ ਕੂੜਾ ਚੁੱਕਣ ਲਈ ਟਰਾਲੀਆਂ ਮਿਲਣ ਨਾਲ ਕਾਫੀ ਸ਼ਿਕਾਇਤਾਂ ਦੂਰ ਹੋ ਰਹੀਆਂ ਹਨ। ਪਰ ਉਨ੍ਹਾਂ ਵੱਲੋ ਸਕਾਈ ਲਾਰਕ ਹੋਟਲ, ਪਟੇਲ ਹਸਪਤਾਲ ਵਾਲਾ ਮੁੱਦਾ ਅਤੇ ਨਿਊ ਜਵਾਹਰ ਨਗਰ ਮਾਰਕਿਟ ਵਿਖੇ ਲੱਗੇ ਟਾਵਰ ਨੂੰ ਨਾ ਉਤਾਰੇ ਜਾਣ ਦਾ ਰੋਸ਼ ਹੈ। ਸੱਤ ਕਰਤਾਰ ਨਗਰ ਦੀ ਬੈਕਸਾਈਡ ਤੇ ਬੈਂਕ ਤੋਂ ਲੈ ਕੇ ਵਾਲਮੀਕ ਮੁਹੱਲੇ ਤੱਕ 150×16 ਫੁੱਟ ਦਾ ਸੜ੍ਹਕ ਦਾ ਟੋਟਾ ਅਗਸਤ, 2018 ਤੋਂ ਨਹੀਂ ਬਣਿਆਂ। ਜਿਸ ਬਾਰੇ ਉਨ੍ਹਾਂ ਨੇ ਪਹਿਲਾ ਪੱਤਰ 11.11.2018 ਨੂੰ ਦਿੱਤਾ ਸੀ ਅਤੇ ਫਿਰ 18.10.2019 ਨੂੰ ਦਿੱਤਾ ਸੀ। ਅਗਸਤ 2018 ਤੋਂ ਇਹ ਸੜ੍ਹਕ ਬਣਨੀ ਸ਼ੁਰੂ ਹੋਈ ਸੀ ਪਰ ਪਾਈਪ ਦੀ ਲੀਕੇਜ਼ ਕਾਰਨ ਸੜ੍ਹਕ ਦਾ ਇਹ ਟੋਟਾਂ ਛੱਡ

ਦਿੱਤਾ ਗਿਆ ਸੀ। ਭਗਵਾਨ ਵਾਲਮੀਕ ਜੈਅੰਤੀ ਦੇ ਮੌਕੇ ਤੇ ਵੀ ਮੈਂ ਕਿਹਾ ਕਿ ਸੜ੍ਹਕ ਬਣਾ ਦਿਉ ਪਰ ਨਹੀਂ ਬਣੀ। ਮੈਨੂੰ ਇਹ ਪਤਾ ਲੱਗਾ ਹੈ ਕਿ ਇਸ ਸੜ੍ਹਕ ਨੂੰ ਬਣਾਉਣ ਦੀ ਅਦਾਇਗੀ ਵੀ ਹੋ ਚੁੱਕੀ ਹੈ। ਜਿਸ ਤੇ ਮੇਅਰ ਜੀ ਨੇ ਕਿਹਾ ਕਿ ਤੁਸੀ ਮੈਨੂੰ ਸਾਰੀ ਗੱਲ ਲਿਖ ਕੇ ਦਿਉਂ ਤੇ ਮੈਂ ਇਸ ਦੀ ਇੰਨਕੁਆਰੀ ਕਰਵਾ ਕੇ ਅਗਲੀ ਮੀਟਿੰਗ ਵਿੱਚ ਤੁਹਾਨੂੰ ਦੱਸਾਗਾਂ। ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਮੈਂ ਪੈਂਚਵਰਕ ਵਾਸਤੇ ਬੇਨਤੀ ਕੀਤੀ ਸੀ ਪ੍ਰੰਤੂ ਸ਼੍ਰੀ ਅਵਤਾਰ ਜੇ.ਈ. ਨੇ ਕਿਹਾ ਕਿ ਤੁਸੀ ਮੇਅਰ ਸਾਹਿਬ ਨੂੰ ਮਿਲੋ, ਜਿਸ ਤੇ ਐਸ.ਸੀ. ਬੀ.ਐਂਡ.ਆਰ ਨੇ ਇੱਕ ਸੂਚੀ ਪੈਚਵਰਕ ਦੀ ਮੇਅਰ ਜੀ ਨੂੰ ਦਿੱਤੀ ਅਤੇ ਮੇਅਰ ਜੀ ਨੇ ਕੌਂਸਲਰ ਨੂੰ ਕਿਹਾ ਕਿ ਤੁਸੀ ਇਹ ਸੂਚੀ ਮੇਰੇ ਕੋਲ ਆ ਕੇ ਦੇਖ ਸਕਦੇ ਹੋ।

ਸ਼੍ਰੀਮਤੀ ਬਬੀਤਾ ਰਾਣੀ ਕੌਂਸਲਰ ਨੇ ਕਿਹਾ ਕਿ ਮੇਰਾ 10 ਹਜ਼ਾਰ ਵੋਟਾਂ ਦੀ ਅਬਾਦੀ ਵਾਲਾ ਵਾਰਡ ਹੈ ਅਤੇ ਸਿਫਰ ਇੱਕ ਹੀ ਸਫਾਈ ਕਰਮਚਾਰੀ ਹੈ। ਤਿੰਨ ਸਾਲਾਂ ਤੋਂ ਮੈਂ ਸਫਾਈ ਕਰਮਚਾਰੀ ਮੰਗ ਰਹੀ ਹਾਂ। ਮੈਨੂੰ ਦੱਸਿਆ ਗਿਆ ਹੈ ਕਿ ਤੁਹਾਨੂੰ 11 ਸਫਾਈ ਕਰਮਚਾਰੀ ਦਿੱਤੇ ਗਏ ਹਨ ਪਰ ਇੱਕ ਕਰਮਚਾਰੀ ਹੀ ਆ ਰਿਹਾ ਹੈ। ਅਤੇ ਇਸ ਬਾਰੇ ਕੋਈ ਸੁਣਵਾਈ ਨਹੀਂ ਹੋ ਰਹੀ ਜਿਸ ਤੇ ਸੰਯੁਕਤ ਕਮਿਸ਼ਨਰ (ਹ) ਨੇ ਕਿਹਾ ਕਿ ਅਸੀ ਚੈੱਕ ਕਰ ਲੈਂਦੇ ਹਾਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਗਰ ਨਿਗਮ ਜਲੰਧਰ ਪਾਸ ੪00 ਦੇ ਕਰੀਬ ਸਫਾਈ ਸੇਵਕਾਂ ਦੀ ਘਾਟ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਨਾਲ ਗੱਲਬਾਤ ਜਾਰੀ ਹੈ। ਫਿਰ ਵੀ ਅਸੀ ਐਡਜੱਸਟਮੈਂਟ ਜਲਦ ਕਰ ਰਹੇ ਹਾਂ।

ਸ਼੍ਰੀਮਤੀ ਸਰਬਜੀਤ ਕੋਰ ਨੇ ਕਿਹਾ ਕਿ ਵਾਰਡ ਵਿੱਚ ਕੂੜੇ ਦੀ ਟਰਾਲੀ ਅਤੇ ਈ.ਰਿਕਸ਼ਾ ਦੇਣ ਨਾਲ ਕੂੜੇ ਦੀ ਸਮੱਸਿਆ ਕਾਫੀ ਹੱਦ ਤੱਕ ਠੀਕ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਕੰਪਨੀਆਂ ਵੱਲੋ ਕੌਂਸਲਰਾਂ ਦੀ ਮੰਜ਼ੂਰੀ ਤੋਂ ਬਗੈਰ ਤਾਰਾਂ ਵਿਛਾਉਣ ਲਈ ਸੜ੍ਹਕਾ ਪੁੱਟੀਆਂ ਜਾਂਦੀਆਂ ਹਨ ਜਿਸ ਨਾਲ ਸੀਵਰੇਜ਼ ਦੀਆਂ ਪਾਈਪਾਂ ਵੀ ਟੁੱਟ ਜਾਂਦੀਆਂ ਹਨ। ਜਿਸ ਤੇ ਐਸ.ਸੀ. ਬੀ.ਐਂਡ.ਆਰ ਵੱਲੋ ਕਿਹਾ ਗਿਆ ਕਿ ਕੌਂਸਲਰਾਂ ਦੀ ਸਹਿਮਤੀ ਲਈ ਜਾਂਦੀ ਹੈ। ਮੇਅਰ ਜੀ ਨੇ ਕਿਹਾ ਕਿ ਕੋਈ ਵੀ ਅਜਿਹਾ ਕੰਮ ਕੌਂਸਲਰਾਂ ਦੀ ਸਹਿਮਤੀ ਤੋਂ ਬਿਨ੍ਹਾਂ ਨਹੀਂ ਹੋਣਾ ਚਾਹੀਦਾ। ਉਨ੍ਹਾਂ ਇਹ ਵੀ ਕਿਹਾ ਕਿ ਅਰਬਨ ਅਸਟੇਟ ਫੇਸ-2 ਵਿੱਚ ਕਈ ਅਜਿਹੇ ਵੱਡੇ-ਵੱਡੇ 300 ਦੇ ਕਰੀਬ ਦਰੱਖ਼ਤ ਹਨ ਅਤੇ ਉਨ੍ਹਾਂ ਦੇ ਟ੍ਰੀਗਾਰਡ ਫੱਸੇ ਹੋਏ ਹਨ ਇਨ੍ਹਾਂ ਨੂੰ ਕਟਵਾਇਆ ਜਾਵੇ।

ਸ਼੍ਰੀਮਤੀ ਸਤਿੰਦਰਜੀਤ ਕੋਰ ਕੌਂਸਲਰ ਨੇ ਕਿਹਾ ਕਿ ਮੈਂ ਤਿੰਨ ਸਾਲਾਂ ਤੋਂ ਸ਼ਿਕਾਇਤ ਕਰ ਰਹੀ ਹਾਂ। ਕਿ ਮੇਰੇ ਵਾਰਡ ਵਿੱਚ 37 ਤੋਂ 38 ਮੁਹੱਲੇ ਹਨ ਪ੍ਰੰਤੂ ਸਿਰਫ 7-8 ਸਫਾਈ ਸੇਵਕ ਹੀ ਮਿਲੇ ਹੋਏ ਹਨ। ਮੇਰੀ ਕੋਈ ਸੁਣਵਾਈ ਨਹੀਂ ਹੋ ਰਹੀ। ਮੈਂ ਬਤੋਰ ਮੈਂਬਰ ਸੈਨੀਟੇਸ਼ਨ ਕਮੇਟੀ ਤੋਂ ਇਸ ਗੱਲ ਲਈ ਅਸਤੀਫਾ ਵੀ ਦੇ ਚੁੱਕੀ ਹਾਂ। ਉਨ੍ਹਾਂ ਨੇ ਅਵਾਰਾ ਕੁੱਤਿਆ ਦਾ ਵੀ ਮੁੱਦਾ ਚੁੱਕਿਆ।

ਸ਼੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਕਿਹਾ ਕਿ ਇਨ੍ਹਾਂ ਦੇ ਵਾਰਡ ਲਈ 12-13 ਸਵੀਪਰ ਹਨ ਅਤੇ ਜੇਕਰ 7-੪ ਹੀ ਆ ਰਹੇ ਹਨ ਤਾਂ ਉਨ੍ਹਾਂ ਨੇ ਸੰਯੁਕਤ ਕਮਿਸ਼ਨਰ (ਹ) ਨੂੰ ਕਿਹਾ ਕਿ ਚੈੱਕ ਕਰ ਲਵੋ ਕਿ ਬਾਕੀ ਕਿਉਂ ਨਹੀਂ ਜਾ ਰਹੇ। ਕੌਂਸਲਰ ਨੇ ਅੱਗੇ ਕਿਹਾ ਕਿ ਜਿਹੜੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਭਰਤੀ ਹੋ ਰਹੇ ਹਨ ਉਨ੍ਹਾਂ ਨੂੰ ਵੀ ਜਿੱਥੇ ਲੋੜ ਹੈ ਉੱਥੇ ਭੇਜਿਆ ਜਾ ਰਿਹਾ ਹੈ। ਅਸੀ ਸਰਕਾਰ ਨੂੰ ਨਵੀਂ ਭਰਤੀ ਲਈ ਵੀ ਲਿਖਿਆ ਹੈ। ਇਸ ਤੋਂ ਇਲਾਵਾਂ ਤੁਹਾਨੂੰ ਰਿਕਸ਼ਾ ਵੀ ਦੇ ਰਹੇ ਹਾਂ।

ਸ਼੍ਰੀ ਜੇ.ਪੀ. ਸ਼ਮਸ਼ੇਰ ਖਹਿਰਾ ਕੌਂਸਲਰ ਵੱਲੋ ਮੁੱਦਾ ਚੁੱਕਿਆ ਗਿਆ ਕਿ ਲੱਧੇਵਾਲੀ ਵਿਖੇ ਤਿੰਨ ਸਾਲਾਂ ਤੋਂ ਟਿਊਬਵੈੱਲ ਦਾ ਬੋਰ ਹੋ ਚੁੱਕਾ ਹੈ ਪ੍ਰੰਤੂ ਅਜੇ ਤੱਕ ਟਿਊਬਵੈੱਲ ਚਾਲੂ ਨਹੀਂ ਹੋਇਆ ਜਿਸ ਤੇ ਐਸ.ਸੀ. ਓ.ਐਂਡ.ਐਮ. ਨੇ ਦੱਸਿਆ ਕਿ ਬਿਜਲੀ ਵਿਭਾਗ ਦੇ ਕੋਈ ਇਸ਼ੂ ਹਨ ਜਿਸ ਬਾਰੇ ਐਮ.ਐਲ.ਏ. ਸਾਹਿਬ ਨੂੰ ਵੀ ਪਤਾ ਹੈ। ਕੌਂਸਲਰ ਨੇ ਅੱਗੇ ਬੋਲਦਿਆ ਕਿਹਾ ਕਿ ਰਾਮਾਮੰਡੀ ਏਰੀਆਂ ਵਿਖੇ ਵਾਰਡ ਨੰ: ੪, 9, 10 ਅਤੇ 13 ਪੈਂਦੇ ਹਨ ਪ੍ਰੰਤੂ ਜੀ.ਟੀ. ਰੋਡ ਤੇ ਪੱਕੀਆਂ ਰੇਹੜੀਆਂ ਖੜੀਆਂ ਰਹਿੰਦੀਆਂ ਹਨ ਜਿਸ ਨਾਲ ਟ੍ਰੈਫਿਕ ਦੀ ਬਹੁਤ ਸਮੱਸਿਆ ਰਹਿੰਦੀ ਹੈ ਅਤੇ ਲੋਕਾ ਨੂੰ ਆਪਣੀਆਂ ਕਾਰਾਂ ਅਤੇ ਟੂ-ਵੀਲਰ ਲਗਾਉਣ ਲਈ ਵੀ ਜਗ੍ਹਾ ਨਹੀਂ ਮਿਲਦੀ। ਇਹ ਰੇਹੜੀਆਂ ਖੜ੍ਹੇ ਹੋਣ ਦੀ ਬਜਾਏ ਚੱਲਦੀਆਂ ਰਹਿਣੀਆਂ ਚਾਹੀਦੀਆਂ ਹਨ। ਜਿਸ ਤੇ ਮੇਅਰ ਜੀ ਨੇ ਹਦਾਇਤ ਕੀਤੀ ਕਿ ਸੋਮਵਾਰ ਨੂੰ ਜੇਕਰ ਲਾਡੋਵਾਲੀ ਰੋਡ ਤੇ ਅਤੇ ਰਾਮਾਮੰਡੀ ਜੀ.ਟੀ. ਰੋਡ ਤੇ ਐਕਸ਼ਨ ਨਹੀਂ ਹੁੰਦਾ ਤਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਤੇ ਕੀ ਐਕਸ਼ਨ ਲੈਣਾ ਹੈ ਇਹ ਫੈਸਲਾ ਹਾਊਸ ਲਵੇਗਾ। ਕੌਂਸਲਰ ਨੇ ਅੱਗੇ ਬੋਲਦਿਆ ਕਿਹਾ ਕਿ ਸ਼੍ਰੀ ਵਰੁਣ ਸਟਰੀਟ ਲਾਈਟ ਠੇਕੇਦਾਰ ਕੰਮ ਨਹੀਂ ਕਰਦਾ ਜਿਸ ਬਾਰੇ ਸ਼ਕਾਇਤਾ ਵੀ ਦਿੱਤੀਆਂ ਹੋਈਆਂ ਹਨ। ਇਸ ਠੇਕੇਦਾਰ ਨੂੰ ਕਿਨ੍ਹਾਂ ਜੁਰਮਾਨਾ ਪਾਇਆ ਗਿਆ ਹੈ ਦੱਸਿਆ ਜਾਵੇ ਜਿਸ ਤੇ ਐਸ.ਸੀ. ਲਾਈਟ ਨੇ ਕਿਹਾ ਕਿ ਦੱਸ ਦਿੱਤਾ ਜਾਵੇਗਾ।

ਸ਼੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਕਿਹਾ ਕਿ ਮੇਰੇ ਰਿਹਾਇਸ਼ੀ ਇਲਾਕੇ ਵਿਚ ਅਣਆਥੋਰਾਈਜ਼ਡ ਡੰਪ ਬਣਿਆ ਹੋਇਆ ਹੈ । ਜਿਸ ਦੇ ਨਾਲ ਓਪਨ ਜਿਮ ਹੈ । ਕੂੜੇ ਦੇ ਡੰਪ ਤੇ 4-5 ਵਾਰਡਾਂ ਦਾ ਕੂੜਾ ਆਉਂਦਾ ਹੈ । ਪੁਰਾਣਾ ਇਲਾਕਾ ਹੈ । 52 ਮਰਲੇ ਜਗਾਂ ਤੇ ਕਬਜਾ ਹੈ । 40-50 ਸਾਲ ਪੁਰਾਣਾ ਡੰਪ ਸ਼ਿਫਟ ਕੀਤਾ ਜਾਵੇ। ਜਿਸ ਤੇ ਮੇਅਰ ਜੀ ਨੇ ਓੁਹਨਾਂ ਨੂੰ ਚੇਅਰਮੈਨ, ਸੈਨੀਟੇਸ੍ਹਨ ਕਮੇਟੀ ਨਾਲ ਗੱਲ ਕਰਨ ਲਈ ਕਿਹਾ । ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਉਤੱਮ ਸਿੰਘ ਨਗਰ ਵਿਖੇ ਟਿਊਬਵੈਲ ਨਹੀਂ ਹੈ । ਲੋਕ ਤੁਹਾਨੂੰ ਮਿਲੇ ਵੀ ਸਨ ਪ੍ਰੰਤੂ ਕੋਈ ਸੁਣਵਾਈ ਨਹੀਂ ਹੋਈ । ਜਲਦ ਇਸ ਦਾ ਟੈਂਡਰ ਲਗਵਾਇਆ ਜਾਵੇ। ਓੁਹਨਾਂ ਇਹ ਵੀ ਕਿਹਾ ਕਿ ਓੁਹਨਾਂ ਦੇ ਵਾਰਡ ਵਿੱਚ 3-4 ਸਰਕਾਰੀ ਸਕੂਲਾਂ ਦੀ ਹਾਲੁਤ ਕਾਫੀ ਮਾੜੀ ਹੈ ਜਿਸ ਨੂੰ ਨਗਰ ਨਿਗਮ ਵਲੋਂ ਠੀਕ ਕਰਵਾਇਆ ਜਾਵੇ । ਭਗਵਾਨ ਵਾਲਮੀਕਿ ਮੰਦਰ, ਬਸਤੀ ਸ੍ਹੇਖ ਵਿੱਚ ਇੱਕ ਸਕੂਲ ਚਲਦਾ ਹੈ ਉਸ ਸਕੂਲ ਲਈ ਵੀ ਜਗ੍ਹਾ ਦਿੱਤੀ ਜਾਵੇ । 120 ਫੁੱਟੀ ਸੜਕ ਤੇ ਜਿਸ ਤਰ੍ਹਾਂ ਭਗਵਾਨ ਵਾਲਮੀਕਿ ਭਵਨ, ਸ੍ਹੀ ਗੁਰੂ ਰਵੀਦਾਸ ਮੰਦਰ ਲਈ ਜਗ੍ਹਾ ਨਗਰ ਨਿਗਮ ਵਲੋਂ ਦਿੱਤੀ ਗਈ ਹੈ, ਦੇ ਆਧਾਰ ਤੇ ਭਗਤ ਕਬੀਰ ਮੰਦਰ ਜਾਂ ਕੰਮਿਓਨਿਟੀ ਹਾਲ ਲਈ ਵੀ ਭਗਤ ਬਰਾਦਰੀ ਨੂੰ ਜਗ੍ਹਾ ਦਿੱਤੀ ਜਾਵੇ ।

ਉਹਨਾਂ ਇਹ ਵੀ ਕਿਹਾ ਕਿ ਕਈ ਵਾਰਡਾਂ ਵਿੱਚ ਤਾਂ 10-10 ਰਿਕਸ਼ੇ ਹਨ ਅਤੇ ਕਈ ਵਾਰਡਾਂ ਵਿੱਚ ਇੱਕ ਵੀ ਨਹੀਂ । ਉਹਨਾਂ ਦੇ ਏਰੀਏ ਵਿਚ 13 ਪਾਰਕਾਂ ਹਨ ਜਿਨ੍ਹਾਂ ਦੀ ਹਾਲਤ ਕਾਫੀ ਮਾੜੀ ਹੈ । ਇਹਨਾਂ ਪਾਰਕਾਂ ਦੀ ਮੁੜ੍ਹ ਰਿਪੇਅਰ ਲਈ ਤਖ਼ਮੀਨਾ ਬਣਾਇਆ ਜਾਵੇ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਤਖ਼ਮੀਨਾ ਤਿਆਰ ਕਰਵਾਉਣ ਲਈ ਕਿਹਾ । ਕੌਂਸਲਰ ਨੇ ਇਹ ਵੀ ਕਿਹਾ ਕਿ ਕਰੋਨਾ ਕਾਲ ਵਿੱਚ ਸਾਰੇ ਹਸਪਤਾਲਾਂ ਵਾਲਿਆਂ ਨੇ ਲੋਕਾਂ ਨੂੰ ਨਹੀਂ ਬਖ਼ਸ਼ਿਆ । ਇਸ ਲਈ ਅਜਿਹੇ ਹਸਪਤਾਲਾਂ ਤੋਂ ਪੂਰਾ ਪੂਰਾ ਪ੍ਰਾਪਰਟੀ ਟੈਕਸ ਵਸੂਲਿਆ ਜਾਵੇ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਨੇ ਕਿਹਾ ਕਿ ਜ਼ੋਹਲ ਹਸਪਤਾਲ, ਰਾਮਾਮੰਡੀ ਵਾਲੇ ਨੇ ਇੱਕ ਗਰੀਬ ਆਦਮੀ ਜਿਸ ਨੂੰ ਕੋਈ ਕਮਾਈ ਨਹੀਂ ਸੀ, ਪਾਸੋਂ 70,000 ਰੁਪਏ ਲੈ ਕੇ ਰਸੀਦਾਂ ਵੀ ਨਹੀਂ ਦਿੱਤੀਆਂ । ਇਸ ਹਸਪਤਾਲ ਦਾ ਨਕਸ਼ਾ ਚੈਕ ਕਰਵਾਇਆ ਜਾਵੇ ਅਤੇ ਪ੍ਰਾਪਰਟੀ ਟੈਕਸ ਵੀ ਚੈਕ ਕਰਵਾਇਆ ਜਾਵੇ ਤੇ ਅਗਲੀ ਮੀਟਿੰਗ ਵਿੱਚ ਦੱਸਿਆ ਜਾਵੇ । ਉਹਨਾਂ ਇਹ ਵੀ ਕਿਹਾ ਕਿ ਨੰਗਲ ਸ਼ਾਮਾ ਡਾਗ ਕੰਪਾਉਂਡ ਵਿਖੇ ਜਿਹੜਾ ਏ.ਬੀ.ਸੀ. ਪ੍ਰੋਗਰਾਮ ਤਹਿਤ ਹਸਪਤਾਲ ਚਲ ਰਿਹਾ ਹੈ ਉਥੇ ਸਾਰੇ ਸ਼ਹਿਰ ਦੇ ਕੁੱਤੇ ਲਿਆ ਕੇ ਓਪਰੇਸ਼ਨ ਕਰਕੇ ਉਥੇ ਹੀ ਛੱਡ ਦਿੱਤੇ ਜਾਂਦੇ ਹਨ ਅਤੇ ਆਲ੍ਹੇ-ਦੁਆਲ੍ਹੇ ਦੇ ਲੋਕਾਂ ਵਿੱਚ ਕਾਫੀ ਡਰ ਦਾ ਮਾਹੌਲ ਬਣਿਆ ਹੋਇਆ ਹੈ । ਸੈਨਿਕ ਵਿਹਾਰ ਵਿਖੇ ਇੱਕ ਬਜੁਰਗ ਨੂੰ ਆਵਾਰਾ ਕੁੱਤੇ ਪੈ ਗਏ ਅਤੇ ਉਹ ਡਿਗ ਗਿਆ ਤੇ ਜ਼ਖਮੀ ਹੋ ਗਿਆ । ਇਸ ਲਈ ਇੱਕ ਡਾਗ ਕੰਪਾਉਂਡ ਬਨਾਇਆ ਜਾਵੇ। ਉਹਨਾਂ ਅੱਗੇ ਕਿਹਾ ਕਿ ਗੁਰਮ ਠੇਕੇਦਾਰ ਜਿਸ ਪਾਸ ਸਟਰੀਟ ਲਾਈਟ ਦਾ ਠੇਕਾ ਹੈ, ਸ਼ਕਾਇਤਾਂ ਦੂਰ ਨਹੀਂ ਕਰ ਰਿਹਾ। ਉਹਨਾਂ ਮੰਗ ਕੀਤੀ ਕਿ ਰਾਮਾਮੰਡੀ ਏਰੀਆ ਵਿਖੇ ਨਵੀਆਂ ਐਲ.ਈ.ਡੀ. ਲਾਈਟਾਂ ਲਗਵਾਈਆਂ ਜਾਣ । ਐਸ.ਈ. (ਲਾਈਟ) ਨੇ ਦੱਸਿਆ ਕਿ ਗੁਰਮ ਠੇਕੇਦਾਰ ਨੂੰ ਦੋ ਨੋਟਿਸ ਦੇ ਚੁੱਕੇ ਹਾਂ ਅਤੇ ਫਾਈਨਲ ਨੋਟਿਸ ਬਲੈਕ ਲਿਸਟ ਕਰਨ ਬਾਰੇ ਜਲਦ ਭੇਜ਼ ਰਹੇ ਹਾਂ । ਉਹਨਾਂ ਇਹ ਵੀ ਦੱਸਿਆ ਕਿ ਇਸ ਠੇਕੇਦਾਰ ਨੂੰ ਕੋਈ ਪੇਮੈਂਟ ਨਹੀਂ ਕੀਤੀ ਗਈ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਨੇ ਕਿਹਾ ਕਿ ਸਾਲ 2012 ਤੋਂ ਇਨਕੁਆਰੀ ਚਲ ਰਹੀ ਹੈ ਕਿ ਸਟਰੀਟ ਲਾਈਟ ਦੇ ਜੁਰਮਾਨੇ ਬਾਰੇ ਦੱਸਿਆ ਜਾਵੇ ਜਿਸ ਬਾਰੇ ਐਫ.ਐਂਡ ਸੀ.ਸੀ. ਨੇ 22.6.2020 ਨੂੰ ਇਨਕੁਆਰੀ ਮਾਰਕ ਕੀਤੀ ਸੀ । ਮੇਅਰ ਜੀ ਨੇ ਐਸ.ਈ. (ਲਾਈਟ) ਨੂੰ ਹਦਾਇਤ ਕੀਤੀ ਕਿ ਸ੍ਰੀ ਗੁਰਮ, ਠੇਕੇਦਾਰ ਦੀ ਵਾਰਡਵਾਈਸ ਪੈਨੇਲਟੀ ਬਾਰੇ ਸੋਮਵਾਰ ਤੱਕ ਦੱਸਿਆ ਜਾਵੇ ।ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਦੋ ਜੇ.ਸੀ.ਬੀ. ਅਤੇ 6 ਟਿੱਪਰਾਂ ਨੂੰ 8.00 ਲੱਖ ਰੁਪਏ ਜੁਰਮਾਨਾ ਪਾਇਆ ਸੀ, ਬਾਰੇ ਵੀ ਨਹੀਂ ਦੱਸਿਆ ਗਿਆ ਜਿਸ ਤੇ ਸਿਹਤ ਅਫਸਰ ਨੇ ਦੱਸਿਆ ਕਿ ਉਹਨਾਂ ਵਲੋਂ ਡੀ.ਸੀ.ਐਫ.ਏ. ਨੂੰ ਜਵਾਬ ਦੇ ਦਿੱਤਾ ਗਿਆ ਹੈ ।ਮੇਅਰ ਜੀ ਨੇ ਇਸ ਬਾਰੇ ਸੋਮਵਾਰ ਤੱਕ ਜਵਾਬ ਦੇਣ ਲਈ ਹਦਾਇਤ ਕੀਤੀ ।

ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ ਨੇ ਪੁੱਛਿਆ ਕਿ ਦੱਸਿਆ ਜਾਵੇ ਕਿ ਇੱਕ ਟਰਾਲੀ ਵਾਰਡ ਵਿੱਚ ਕਿੰਨੇ ਗੇੜੇ ਲਗਾਉਂਦੀ ਹੈ ਤਾਂ ਸਿਹਤ ਅਫ਼ਸਰ ਨੇ ਦੱਸਿਆ ਕਿ ਵਰਿਆਣਾ ਤੱਕ ਇੱਕ ਟਰਾਲੀ ਦੋ ਗੇੜੇ ਲਗਾਉਂਦੀ ਹੈ ।ਉਨ੍ਹਾਂ ਇਹ ਵੀ ਦੱਸਿਆ ਕਿ ਸਬੰਧਤ ਕੌਂਸਲਰ ਤੋਂ ਸਰਟੀਫਿਕੇਟ ਲੈ ਕੇ ਹੀ ਟਰਾਲੀਆਂ ਦੀ ਅਦਾਇਗੀ ਕੀਤੀ ਜਾਂਦੀ ਹੈ ਜਿਸ ਬਾਰੇ ਟੈਂਡਰ ਕੰਡੀਸ਼ਨ ਵੀ ਰੱਖੀ ਹੋਈ ਹੈ । ਕੌਂਸਲਰ ਨੇ ਮੰਗ ਕੀਤੀ ਕਿ ਇੱਕ ਕੌਂਸਲਰ ਨੂੰ ਦੋ ਗੇੜੇ ਦਿਓ । ਉਹਨਾਂ ਇਹ ਵੀ ਕਿਹਾ ਕਿ ਕੂੜਾ ਡੰਪ ਤੋਂ ਬਾਹਰ ਪਿਆ ਰਹਿੰਦਾ ਹੈ ਜਿਸ ਨਾਲ ਰੋਡ ਬਲਾਕ ਰਹਿੰਦੀ ਹੈ । ਉਹਨਾਂ ਇਹ ਮੰਗ ਵੀ ਕੀਤੀ ਕਿ ਖੋਖੇ ਅਤੇ ਰੇਹੜੀਆਂ ਲਈ ਯੈਲੋ ਲਾਈਨਾਂ ਲਗਵਾਈਆਂ ਜਾਣ । ਉਹਨਾਂ ਇਹ ਮੰਗ ਵੀ ਕੀਤੀ ਕਿ ਬਿਲਡਿੰਗ ਮਟੀਰਿਅਲ ਵੇਚਣ ਵਾਲੇ ਆਪਣੀਆਂ ਇੱਟਾਂ, ਬਜਰੀ ਤੇ ਰੇਤਾ ਸੜਕਾਂ ਤੇ ਰੱਖ ਲੈਂਦੇ ਹਨ ਜਿਸ ਨਾਲ ਵੀ ਰੋਡ ਬਲਾਕ ਹੁੰਦੀਆਂ ਹਨ, ਇਹਨਾਂ ਨੂੰ ਚੁੱਕਵਾਇਆ ਜਾਵੇ । ਉਹਨਾਂ ਪੈਚ ਵਰਕ ਕਰਵਾਉਣ ਲਈ ਵੀ ਕਿਹਾ ।

ਸ੍ਰੀਮਤੀ ਮਨਜੀਤ ਕੌਰ, ਕੌਂਸਲਰ ਨੇ ਕਿਹਾ ਕਿ ਬਸ ਸਟੈਂਡ ਦੀਆਂ 72 ਦੁਕਾਨਾਂ ਨੂੰ ਹਟਾਉਣ ਸਬੰਧੀ ਮਾਨਯੋਗ ਅਦਾਲਤ ਵਲੋਂ ਕੋਈ ਸਟੇਅ ਨਹੀਂ ਹੈ ਪ੍ਰੰਤੂ ਫਿਰ ਵੀ ਇਹ ਦੁਕਾਨਾਂ ਨਹੀਂ ਹਟਾਈਆਂ ਜਾ ਰਹੀਆਂ । ਜਿਸ ਤੇ ਸੰਯੁਕਤ ਕਮਿਸ਼ਨਰ (ਹ) ਨੇ ਦੱਸਿਆ ਕਿ ਕੋਵਿਡ ਦਾ ਹਵਾਲਾ ਦਿੰਦਿਆ ਹੋਇਆ ਪੁਲਿਸ ਹੈਲਪ ਨਾ ਮਿਲਣ ਕਾਰਣ ਇਹ ਐਕਸ਼ਨ ਨਹੀਂ ਹੋ ਪਾ ਰਿਹਾ। ਮੇਅਰ ਜੀ ਨੇ ਕਿਹਾ ਕਿ ਅਸੀਂ ਪੁਲਿਸ ਹੈਲਪ ਦੀ ਵੇਟ ਕਰ ਰਹੇ ਹਾਂ ਅਤੇ ਜਲਦ ਹੀ ਪੁਲਿਸ ਕਮਿਸ਼ਨਰ ਨੂੰ ਕਮਿਸ਼ਨਰ ਨਗਰ ਨਿਗਮ ਜਲੰਧਰ ਨਾਲ ਮਿਲਿਆ ਜਾਵੇਗਾ ।ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਰਾਜਪੂਤ ਕਲੀਨਿਕ ਦੇ ਪਿਛੇ 10 ਦੁਕਾਨਾ ਗੈਰ ਕਾਨੂੰਨੀ ਢੰਗ ਨਾਲ ਬਣੀਆਂ ਸਨ ਜਿਨ੍ਹਾ ਨੂੰ ਬਿਲਡਿੰਗ ਸ਼ਾਖਾ ਵਲੋਂ ਢਾਇਆ ਗਿਆ ਸੀ ਪ੍ਰੰਤੂ ਉਹ ਦੁਕਾਨਾ ਫਿਰ ਬਣ ਗਈਆਂ ਹਨ। ਐਮ.ਟੀ.ਪੀ. ਨੇ ਦੱਸਿਆ ਕਿ ਇਹਨਾਂ ਦੁਕਾਨਾਂ ਨੂੰ ਸੀਲ ਕਰ ਦਿੱਤਾ ਗਿਆ ਹੈ । ਜਿਸ ਤੇ ਮੇਅਰ ਜੀ ਨੇ ਐਮ.ਟੀ.ਪੀ. ਨੂੰ ਸੋਮਵਾਰ ਜਵਾਬ ਦੇਣ ਲਈ ਕਿਹਾ । ਕੌਂਸਲਰ ਨੇ ਇਹ ਮੁੱਦਾ ਵੀ ਚੁੱਕਿਆ ਕਿ ਉਹਨਾਂ ਨੇ ਮੰਗ ਕੀਤੀ ਸੀ ਕਿ ਰੋਡ ਫਰਨੀਚਰ/ਫਿਕਸਚਰ ਲਈ 10 ਲੱਖ ਰੁਪਏ ਦਿੱਤੇ ਜਾਣ ਪਰ ਨਹੀਂ ਮਿਲੇ ਜਿਸ ਤੇ ਮੇਅਰ ਜੀ ਨੇ ਐਸ.ਈ.(ਬੀ ਐਂਡ ਆਰ) ਨੂੰ ਸੋਮਵਾਰ ਤੱਕ ਜਵਾਬ ਦੇਣ ਲਈ ਕਿਹਾ । ਕੌਂਸਲਰ ਨੇ ਕਿਹਾ ਕਿ ਡਿਫੈਂਸ ਕਲੋਨੀ ਵਿਖੇ ਕੋਈ ਸਫਾਈ ਸੁਪਰਵਾਈਜ਼ਰ ਨਹੀਂ ਹੈ ਜਿਸ ਤੇ ਕਮਿਸ਼ਨਰ ਜੀ ਨੇ ਦੱਸਿਆ ਕਿ ਜਲਦ ਹੀ ਸਫਾਈ ਸੁਪਰਵਾਈਜ਼ਰ ਪਰਮੋਟ ਕੀਤੇ ਜਾ ਰਹੇ ਹਨ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਨੇ ਕਿਹਾ ਕਿ ਸਮਾਰਟ ਸਿਟੀ ਪ੍ਰੋਜੈਕਟ ਵਿੱਚ ਕੀ ਕੀ ਹੋ ਰਿਹਾ ਹੈ, ਕੌਂਸਲਰਾਂ ਨੂੰ ਨਹੀਂ ਪਤਾ ਅਤੇ ਕੌਂਸਲਰਾਂ ਦੀ ਕੋਈ ਇਨਵਾਲਵਮੈਂਟ ਨਹੀਂ ਹੈ । ਸ਼ਹਿਰ ਦੇ ਸਾਰੇ ਮੇਨ ਚੌਂਕਾਂ ਨੂੰ ਪੁੱਟਿਆ ਜਾ ਰਿਹਾ ਹੈ ਅਤੇ ਚੌਕ ਛੋਟੇ ਕੀਤੇ ਜਾ ਰਹੇ ਹਨ । ਜਦ ਦੋਬਾਰਾ ਉਹਨਾਂ ਦੀ ਸਰਕਾਰ ਬਣੇਗੀ ਤਾਂ ਸਾਨੂੰ ਮੁੜ੍ਹ ਇਹ ਸੱਮਸਿਆ ਦਾ ਹਲ ਕੱਢਣਾ ਪਵੇਗਾ । ਮੇਅਰ ਜੀ ਨੇ ਦੱਸਿਆ ਕਿ ਪ੍ਰਮੁੱਖ ਸਕੱਤਰ ਜਲੰਧਰ ਆ ਰਹੇ ਹਨ ਅਤੇ ਸਾਰੇ ਕੌਂਸਲਰਾਂ ਨੂੰ ਨਾਲ ਲੈ ਕੇ ਸਮਾਰਟ ਸਿਟੀ ਪ੍ਰੋਜੈਕਟ ਬਾਰੇ ਜਲਦ ਮੀਟਿੰਗ ਕੀਤੀ ਜਾਵੇਗੀ । ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ ਸਮਾਰਟ ਸਿਟੀ ਪ੍ਰੋਜੈਕਟ ਵਿੱਚ ਕੌਂਸਲਰਾਂ ਨੂੰ ਨਾਲ ਲਿਆ ਜਾਵੇ । ਉਹਨਾਂ ਇਹ ਵੀ ਕਿਹਾ ਕਿ ਮਿਲਕਬਾਰ ਚੌਂਕ ਵਿਖੇ ਡਿੱਚ ਮਸ਼ੀਨ ਫੁਟਪਾਥ ਪੁੱਟ ਰਹੀ ਹੈ ਉਹ ਕੰਮ ਤੁਰੰਤ ਬੰਦ ਕਰਵਾਇਆ ਜਾਵੇ ਅਤੇ ਉਸ ਦੀਆ ਡਰਾਇੰਗਾਂ ਦਿਖਾਈਆਂ ਜਾਣ।

ਸ੍ਰੀ ਦੀਪਕ ਸ਼ਾਰਦਾ, ਕੌਂਸਲਰ ਨੇ ਕਿਹਾ ਕਿ ਜੇ.ਈ. ਦੀ ਕੀ ਜਿੰਮੇਵਾਰੀ ਹੁੰਦੀ ਹੈ, ਦੱਸੀ ਜਾਵੇ । ਸਮਾਰਟ ਸਿਟੀ ਦੇ ਕੰਮਾਂ ਵਿੱਚ ਜੇਕਰ ਜੇ.ਈ. ਨੂੰ ਪੁੱਛਦੇ ਹਾਂ ਤਾਂ ਉਹ ਕਹਿ ਦਿੰਦੇ ਹਨ ਸਾਨੂੰ ਨਹੀਂ ਪਤਾ । ਇਹਨਾਂ ਦੀ ਜਿੰਮੇਵਾਰੀ ਮੁੱਕਰਰ ਕੀਤੀ ਜਾਵੇ ।

ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਕਿਹਾ ਕਿ ਬਤੌਰ ਚੇਅਰਮੇਨ, ਵਾਟਰ ਸਪਲਾਈ ਕਮੇਟੀ ਮੈਂ ਪ੍ਰਸ਼ਨ ਪੁੱਛਿਆ ਸੀ ਕਿ ਨਜਾਇਜ਼ ਕਲੋਨੀਆਂ ਦੇ ਸੀਵਰ ਨਗਰ ਨਿਗਮ ਦੇ ਸੀਵਰ ਨਾਲ ਕਿਸ ਦੀ ਪਰਮਿਸ਼ਨ ਨਾਲ ਜ਼ੋੜੇ ਜਾਂਦੇ ਹਨ । ਵਿਭਾਗਾਂ ਦਾ ਵੀ ਆਪਸੀ ਤਾਲਮੇਲ ਨਹੀਂ ਹੈ । ਬਿਲਡਿੰਗ ਵਾਲੇ ਕਹਿ ਦਿੰਦੇ ਹਨ ਕਿ ਕਲੋਨੀ ਦੇ ਪੈਸੇ ਆਏ ਹੋਏ ਹਨ ਪ੍ਰੰਤੂ ਓ ਐਂਡ ਐਮ ਵਾਲਿਆਂ ਨੂੰ ਕੋਈ ਪਤਾ ਨਹੀਂ ਹੁੰਦਾ । ਰੈਵੇਨਿਊ ਲਾਸ ਹੋ ਰਿਹਾ ਹੈ । ਅਣਅਧਿਕਾਰਤ ਕੁਨੈਕਸ਼ਨਾਂ ਦਾ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ। ਉਹਨਾਂ ਸੁਝਾਓ ਦਿੱਤਾ ਕਿ ਫੋਲੜੀਵਾਲ ਵਿਖੇ ਲੱਗ ਰਹੇ ਐਸ.ਟੀ.ਪੀ. ਦੀ ਮਾਨਿਟਰਿੰਗ ਨਗਰ ਨਿਗਮ ਵਲੋਂ ਕੀਤੀ ਜਾਵੇ । ਇਸ ਕੰਮ ਲਈ ਤਕਨੀਕੀ ਅਧਿਕਾਰੀ ਹਾਇਰ ਕਰਨਾ ਚਾਹੀਦਾ ਹੈ ਜਿਹੜਾ ਇਸ ਦੀ ਮਾਨਿਟਰਿੰਗ ਕਰੇ । ਕਿਉਂ ਜ਼ੋ ਪਹਿਲਾਂ ਇਹ ਐਸ.ਟੀ.ਪੀ. ਛੇ ਮਹੀਨੇ ਵੀ ਠੀਕ ਨਹੀਂ ਚੱਲਿਆ ਸੀ ਅਤੇ ਲੱਗਭਗ 90 ਲੱਖ ਰੁਪਏ ਦੇ ਨਾਲ ਇਸ ਨੂੰ ਠੀਕ ਕਰਵਾਇਆ ਗਿਆ ਹੈ । ਨਗਰ ਨਿਗਮ ਦੇ ਅਧਿਕਾਰੀ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੇ ।

ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਵਲੋਂ ਕਿਹਾ ਗਿਆ ਕਿ ਸ਼ਹਿਰ ਅੰਦਰ ਕੂੜੇ ਦੀਆਂ ਗੱਡੀਆਂ ਕੂੜਾ ਖਲੇਰਦੀਆਂ ਜਾਂਦੀਆਂ ਹਨ । ਕੂੜੇ ਦੀਆ ਗੱਡੀਆ ਨੂੰ ਢੱਕ ਕੇ ਲਿਜਾਇਆ ਜਾਵੇ।

ਸ੍ਰੀ ਅਵਤਾਰ ਸਿੰਘ, ਕੌਂਸਲਰ ਵਲੋਂ ਕਿਹਾ ਗਿਆ ਕਿ ਵਿਕਾਸਪੁਰੀ ਡੰਪ ਵਿਖੇ 24 ਘੰਟੇ ਕੂੜਾ ਪਿਆ ਰਹਿੰਦਾ ਹੈ । ਟਿੱਪਰ ਤਾਂ ਆ ਜਾਂਦੇ ਹਨ ਪਰ ਜੇ.ਸੀ.ਬੀ. ਮਸ਼ੀਨ ਦੁਪਹਿਰ 12 ਵਜੇ ਤੱਕ ਨਹੀਂ ਆਉਂਦੀ । ਜਿਸ ਤੇ ਕਮਿਸ਼ਨਰ ਜੀ ਨੇ ਦੱਸਿਆ ਕਿ ਅਸੀਂ ਚਾਰ ਜਗ੍ਹਾਂ ਨੰਗਲ ਸ਼ਾਮਾ, ਕੋਹਿਨੂਰ ਰਬੜ ਫੈਕਟਰੀ ਦੇ ਨੇੜੇ, ਫੋਲੜੀਵਾਲ ਅਤੇ ਮੇਨ ਵਰਕਸ਼ਾਪ ਵਿਖੇ ਜ਼ੋਨਿੰਗ ਜਲਦ ਹੀ ਕਰ ਰਹੇ ਹਾਂ ਤੇ ਦੀਵਾਲੀ ਤੋਂ ਬਾਅਦ ਸਭ ਠੀਕ ਹੋ ਜਾਵੇਗਾ ।

ਸ੍ਰੀ ਬਚਨ ਲਾਲ, ਕੌਂਸਲਰ ਨੇ ਕਿਹਾ ਭਾਰਗੋ ਕੈਂਪ ਚੌਂਕੀ ਦੇ ਪਿਛਲੇ ਪਾਸੇ ਵੱਡਾ ਡੰਪ ਸੀ ਜਿਹੜਾ ਮਾਨਯੋਗ ਮੇਅਰ ਜੀ, ਐਮ.ਐਲ.ਏ. ਸਾਹਿਬ ਅਤੇ ਸੰਯੁਕਤ ਕਮਿਸ਼ਨਰ(ਹ) ਨੇ ਕਾਫੀ ਮਿਹਨਤ ਕਰਕੇ 40 ਤੋਂ 50 ਟਿੱਪਰ ਕੂੜਾ ਚੁੱਕਵਾਇਆ ਹੈ ਜਿਸ ਦੀ ਮੈਂ ਪ੍ਰਸ਼ੰਸਾ ਕਰਦਾ ਹਾਂ ।ਪਰ ਅਜੇ ਵੀ 100 ਦੇ ਕਰੀਬ ਟਿੱਪਰ ਕੂੜਾ ਰਹਿ ਗਿਆ ਹੈ ਨੂੰ ਜਲਦ ਚੁਕਵਾ ਦਿੱਤਾ ਜਾਵੇ । ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਇਲਾਕੇ ਵਿੱਚ ਸੀਵਰੇਜ਼ ਵਾਲਾ ਪਾਣੀ ਆ ਰਿਹਾ ਹੈ। ਕਮਿਸ਼ਨਰ ਜੀ ਨੇ ਦੱਸਿਆ ਕਿ ਜਿਸ ਡੰਪ ਦੀ ਤੁਸੀਂ ਗੱਲ ਕਰ ਰਹੇ ਹੋ, ਇਹ ਸੈਕੰਡਰੀ ਪੁਆਇੰਟ ਹੈ ਅਤੇ ਇਸ ਨੂੰ ਸਾਫ ਕੀਤਾ ਜਾ ਰਿਹਾ ਹੈ । ਤੁਹਾਨੂੰ ਸਾਰਿਆਂ ਨੂੰ ਇਹੋ ਗੱਲ ਕਹਿ ਰਹੇ ਹਾਂ ਕਿ ਡੋਰ ਟੂ ਡੋਰ ਸੈਗਰੀਗੇਸ਼ਨ ਕਰਵਾਓ ਅਤੇ ਲੋਕਾਂ ਵਿੱਚ ਜਾਗਰਤੀ ਲਿਆਓ । ਇਸ ਕੰਮ ਲਈ ਤੁਹਾਡਾ ਸਾਰਿਆਂ ਦਾ ਸਹਿਯੋਗ ਚਾਹੀਦਾ ਹੈ ।ਜਿਥੋਂ ਤੱਕ ਗੰਦੇ ਪਾਣੀ ਦੀ ਗੱਲ ਹੈ, ਐਸ.ਈ. (ਓ ਐਂਡ ਐਮ) ਨੇ ਕਿਹਾ ਕਿ ਚੈਕ ਕਰ ਲੈਂਦੇ ਹਾਂ ।

ਸ੍ਰੀ ਜਗਦੀਸ਼ ਕੁਮਾਰ ਸਮਰਾਏ, ਕੌਂਸਲਰ ਨੇ ਕਿਹਾ ਕਿ ਤੁਸੀਂ ਕਾਲਾ ਸੰਘਿਆ ਡਰੇਨ ਵਿੱਚ ਮੇਨ ਸੀਵਰ ਦੇ ਮੈਨਹੋਲ ਫਿਰ ਖੋਲ੍ਹਣ ਲੱਗੇ ਹੋ, ਇਹ ਨਾ ਖੋਲ੍ਹੇ ਜਾਣ । ਅਸੀਂ ਹੁਣ ਡਰੇਨ ਦੀ ਸਫਾਈ ਕਰਵਾਈ ਹੈ ਜਿਸ ਨਾਲ 1.50 ਤੋਂ 2.00 ਲੱਖ ਲੋਕਾਂ ਨੂੰ ਫਾਇਦਾ ਹੋਇਆ ਹੈ । ਇਸ ਡਰੇਨ ਨੂੰ ਕਵਰ ਕੀਤਾ ਜਾਵੇ ।ਇਹ ਡਰੇਨ 1965 ਵਿੱਚ ਬਣੀ ਸੀ। ਉਦੋਂ ਇਸ ਦੀ ਲੋੜ੍ਹ ਸੀ ਕਿਉਂ ਜ਼ੋ ਬਰਸਾਤੀ ਪਾਣੀ ਲਈ ਇਹ ਲੋੜੀਂਦੀ ਸੀ । ਉਹਨਾਂ ਇਹ ਵੀ ਕਿਹਾ ਕਿ ਇਸ ਡਰੇਨ ਵਿੱਚ ਫੈਕਟਰੀਆਂ ਦਾ ਗੰਦਾ ਪਾਣੀ ਵੀ ਆ ਰਿਹਾ ਹੈ । 40 ਕਰੋੜ ਰੁਪਏ ਖ਼ਰਚ ਕਰ ਕੇ ਇਸ ਡਰੇਨ ਦੇ ਆਲ੍ਹੇ ਦੁਆਲ੍ਹੇ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਕੰਮ ਕਰਵਾਉਣ ਜਾ ਰਹੇ ਹਾਂ । ਉਹਨਾਂ ਇਹ ਵੀ ਪੁੱਛਿਆ ਕਿ ਵਰਿਆਣਾ ਵਿਖੇ ਬਾਇਓਮਾਇਨਿੰਗ ਪਲਾਂਟ ਲਈ ਪਹਿਲਾਂ 60 ਕਰੋੜ ਰੁਪਏ ਅਤੇ ਜੀ.ਐਸ.ਟੀ. ਵਖਰਾ ਲਗਭਗ 71-72 ਕਰੋੜ ਰੁਪਏ ਦਾ ਪ੍ਰੋਜੈਕਟ ਸੀ ਤੇ ਹੁਣ ਸਿਰਫ 41 ਕਰੋੜ ਰੁਪਏ ਦਾ ਇਹ ਕੰਮ ਹੋਣਾ ਹੈ । 30 ਕਰੋੜ ਰੁਪਏ ਦਾ ਫਰਕ ਪਿਆ ਹੈ ਇਸ ਦਾ ਸਪਸ਼ਟੀਕਰਨ ਦਿੱਤਾ ਜਾਵੇ । ਸਿੰਗਲ ਟੈਂਡਰ ਕੈਂਸਲ ਹੋ ਗਿਆ ਸੀ । ਉਹਨਾਂ ਮੰਗ ਕੀਤੀ ਕਿ ਸਲੱਮ ਏਰੀਆ ਦੀ ਮੇਨਟੀਨੈਂਸ ਅੰਮ੍ਰਿਤਸਰ ਪੈਟਰਨ ਤੇ ਕਰਨ ਲਈ 10 ਲੱਖ ਰੁਪਏ ਦਿੱਤੇ ਜਾਣ । ਕਿਉਂ ਜ਼ੋ ਇਹ ਅਣਡਿਕਲੇਅਰਡ ਏਰੀਆ ਹੈ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਦੱਸਿਆ ਕਿ ਇਹ ਡਰੇਨ ਇਰੀਗੇਸ਼ਨ ਡਿਪਾਰਟਮੈਂਟ ਦੀ ਹੈ ਅਤੇ ਅਸੀਂ ਇਸ ਨੂੰ ਕਵਰ ਨਹੀਂ ਕਰ ਸਕਦੇ । ਅਸੀਂ ਡਰੇਨੇਜ਼ ਡਿਪਾਰਟਮੈਂਟ ਨਾਲ ਮੀਟਿੰਗ ਕੀਤੀ ਸੀ ਅਤੇ ਉਹਨਾਂ ਨੇ ਦੱਸਿਆ ਸੀ ਕਿ ਇਸ ਡਰੇਨ ਵਿੱਚ 200 ਕਿਉਸਕ ਪਾਣੀ ਰੈਗੁਲਰ ਫਲੋਅ ਵਿੱਚ ਰਹੇਗਾ ।ਅਸੀਂ ਇਸ ਦੀ ਲਾਈਨਿੰਗ ਵੀ ਕਰਵਾ ਰਹੇ ਹਾਂ, ਬਰਮਸ ਤੇ ਪਲਾਂਟੇਸ਼ਨ ਵੀ ਕਰਵਾਉਣ ਜਾ ਰਹੇ ਹਾਂ । ਅਸੀਂ 13-14 ਕਿਲੋਮੀਟਰ ਏਰੀਆ ਕਵਰ ਕਰਨਾ ਹੈ । ਬਸਤੀ ਪੀਰਦਾਦ ਵਿਖੇ ਐਫੂਲੈਂਟ ਪਲਾਂਟ ਬਣ ਰਿਹਾ ਹੈ ਅਤੇ ਇਸੇ ਲਈ ਉਥੇ ਦੀਆਂ ਫੈਕਟਰੀਆਂ ਬੰਦ ਪਈਆਂ ਹਨ । ਬਾਇਓਮਾਇਨਿੰਗ ਲਈ ਜਿਹੜੀ ਟੈਕਨੋਲੋਜੀ ਹੈਡ ਆਫਿਸ ਨੇ ਗਾਈਡ ਕੀਤੀ ਸੀ ਉਸੇ ਆਧਾਰ ਤੇ ਪਟਿਆਲਾ ਮਾਡਲ ਜਿਸ ਵਿੱਚ 375 ਰੁਪਏ ਦੇ ਕਰੀਬ ਰੇਟ ਬਨਾ ਕੇ ਸਾਡੇ ਈਸ਼ੂਜ਼ ਵੀ ਪਾ ਲਏ ਸਨ। ਉਹ ਪ੍ਰੋਜੈਕਟ 2 ਲੱਖ ਟੰਨ ਦਾ ਸੀ ਤੇ ਸਾਡਾ 8 ਲੱਖ ਟੰਨ ਦਾ ਹੈ । ਉਸ ਪ੍ਰੋਜੈਕਟ ਵਿੱਚ ਇਹ ਪਰੋਵਿਜ਼ਨ ਸੀ ਕਿ ਮਸ਼ੀਨਰੀ ਕਾਰਪੋਰੇਸ਼ਨ ਦੇਵੇਗੀ । ਸਾਨੂੰ ਉਹ ਪ੍ਰੋਜੈਕਟ ਸੂਟ ਨਹੀਂ ਸੀ ਕਰਦਾ । ਅਸੀਂ ਪਰੋਪੋਜ਼ ਕੀਤਾ ਕਿ ਸਾਰਾ ਕੰਮ ਵੈਂਡਰ ਹੀ ਕਰੇਗਾ । 41 ਕਰੋੜ ਰੁਪਏ ਦੇ ਕਰੀਬ ਰਿਜ਼ਰਵ ਪ੍ਰਾਈਸ ਦਾ ਇਹ ਪ੍ਰੋਜੈਕਟ ਬਣੇਗਾ । ਸੋਮਵਾਰ ਜਾਂ ਮੰਗਲਵਾਰ ਨੂੰ ਐਸ.ਐਲ.ਟੀ.ਸੀ. ਦੀ ਮੀਟਿੰਗ ਹੈ ਜਿਸ ਤੋਂ ਬਾਅਦ ਇਹ ਟੈਂਡਰ ਲੱਗੇਗਾ। ਹੈਡ ਆਫਿਸ ਅਤੇ ਪੀ.ਐਮ.ਆਈ.ਡੀ.ਸੀ. ਵਲੋਂ ਹੀ ਇਹ ਪ੍ਰੋਜੈਕਟ ਫਾਇਨਲ ਹੋਇਆ ਹੈ ਅਤੇ ਪੀ.ਐਮ.ਆਈ.ਡੀ.ਸੀ. ਦੇ ਚੇਅਰਮੈਨ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਹਨ । ਉਹ ਹੀ ਇਸ ਪ੍ਰੋਜੈਕਟ ਨੂੰ ਪਾਸ ਕਰਦੇ ਹਨ ।

ਸ੍ਰੀ ਨਿਰਮਲ ਸਿੰਘ, ਕੌਂਸਲਰ ਵਲੋਂ ਪੁੱਛਿਆ ਗਿਆ ਕਿ ਦੱਸਿਆ ਜਾਵੇ ਕਿ ਕੀ ਕੌਂਸਲਰ ਪਬਲਿਕ ਸਰਵੈਂਟ ਨਹੀਂ ਹੈ । ਕਿਉਂ ਜ਼ੋ ਕੋਵਿਡ ਦੌਰਾਣ ਦਿਨ ਰਾਤ ਕੌਂਸਲਰਾਂ ਨੇ ਕੰਮ ਕੀਤਾ ਹੈ । ਕੋਵਿਡ ਦੌਰਾਨ ਹੀ ਰਾਸ਼ਨ ਵੰਡਦੇ ਹੋਏ ਸਾਡੀ ਕੌਂਸਲਰ ਸ੍ਰੀਮਤੀ ਨੀਰਜਾ ਜੈਨ ਜੀ ਦੇ ਪਤੀ ਸ੍ਰੀ ਅਰੁਣ ਜੈਨ ਹਾਦਸੇ ਵਿੱਚ ਸ਼ਹੀਦ ਹੋ ਗਏ ਸਨ। ਇਸੇ ਤਰ੍ਹਾਂ ਸ੍ਰੀਮਤੀ ਡੋਲੀ ਸੈਣੀ, ਕੌਂਸਲਰ ਦੇ ਪਤੀ ਵੀ ਦਿਨ ਰਾਤ ਕੋਵਿਡ ਵਿੱਚ ਰਾਸ਼ਨ ਵੰਡਦੇ ਹੋਏ ਕਾਫੀ ਬਿਮਾਰ ਹੋ ਗਏ ਹਨ । ਕੌਂਸਲਰਾਂ ਦੀ ਕੋਈ ਗਰੁਪ ਪਾਲਿਸੀ ਹੋਣੀ ਚਾਹੀਦੀ ਹੈ । ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਸੁਝਾਓ ਦਿੱਤਾ ਕਿ ਇਸ ਬਾਰੇ ਹਾਊਸ ਵਿੱਚ ਮਤਾ ਪੇਸ਼ ਕੀਤਾ ਜਾਵੇ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਸੁਝਾਓ ਦਿੱਤਾ ਕਿ ਬਰਸਾਤਾਂ ਵਿੱਚ ਵਰਿਆਣਾ ਡੰਪ ਵਿਖੇ ਕੂੜੇ ਦੀਆਂ ਗੱਡੀਆਂ ਉਪਰ ਨਹੀਂ ਚੜ੍ਹ ਸਕਦੀਆਂ । ਕਿਉਂ ਨਾ ਉਥੇ ਕੂੜਾ ਉਪਰ ਪਹੁੰਚਾਉਣ ਲਈ ਕਨਵੇਅਰ ਬੈਲਟ ਲਗਾ ਦਿੱਤੀ ਜਾਵੇ । ਇਸ ਤੇ ਐਸ.ਈ. (ਬੀ ਐਂਡ ਆਰ) ਨੇ ਦੱਸਿਆ ਕਿ 45 ਲੱਖ ਰੁਪਏ ਨਾਲ ਸੜਕ ਦਾ ਕੰਮ ਸੁਰੂ ਕਰਵਾ ਦਿੱਤਾ ਹੈ , ਚਾਰੀ ਦੀਵਾਰੀ ਦਾ ਕੰਮ ਅਤੇ ਡਰੇਨ ਦਾ ਕੰਮ ਸੁਰੂ ਕਰਵਾ ਦਿੱਤਾ ਹੈ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਇਸ ਥਾਂ ਤੇ ਸੈਨੀਟੇਸ਼ਨ ਕਮੇਟੀ, ਸੰਯੁਕਤ ਕਮਿਸ਼ਨਰ (ਹ) ਨੇ ਕਾਫੀ ਕੋਸ਼ਿਸ਼ ਕਰਕੇ ਸੜਕ ਦੀ ਸਫਾਈ ਕਰਵਾਈ ਹੈ, ਮਲਬਾ ਸੁੱਟ ਕੇ ਲੈਵਲ ਕੀਤਾ ਗਿਆ ਹੈ ਅਤੇ ਕੋਸ਼ਿਸ਼ ਕੀਤੀ ਗਈ ਹੈ ਕਿ ਕੂੜਾ ਉਪਰ ਤੱਕ ਸੁੱਟਵਾਇਆ ਜਾਵੇ । ਸੈਪਰੇਟਰ ਲਗਵਾ ਦਿੱਤੇ ਗਏ ਹਨ ਅਤੇ ਕੁਨੈਕਸ਼ਨ ਅਪਲਾਈ ਕਰਨ ਲੱਗੇ ਹਾਂ । ਉਥੇ ਪਹਿਲਾਂ ਚਲ ਰਹੇ ਪਲਾਂਟ ਦੇ ਮਾਲਕ ਸ੍ਰੀ ਘਈ ਨਾਲ ਮੀਟਿੰਗ ਵੀ ਕੀਤੀ ਸੀ ਕਿ ਤੁਸੀਂ ਆਪਣਾ ਪਲਾਂਟ ਚਲਾਓ। ਪ੍ਰੰਤੂ ਉਹਨਾਂ ਦੇ ਕੁਝ ਇਸ਼ੂਜ਼ ਸਨ ਕਿ ਉਹਨਾਂ ਦੇ ਪਿਛਲੇ ਬਿਜਲੀ ਦੇ ਕਾਫੀ ਬਿਲ ਬਕਾਇਆ ਹਨ ਤੇ ਉਹ ਨਗਰ ਨਿਗਮ ਤੋਂ ਮਦਦ ਮੰਗ ਰਹੇ ਹਨ ਕਿ ਉਹਨਾਂ ਦੇ ਬਿਜਲੀ ਦੇ ਪੁਰਾਣੇ ਬਿਲ ਮੁਆਫ ਕਰਵਾ ਦਿੱਤੇ ਜਾਣ । ਇਸ ਬਾਰੇ ਅਸੀਂ ਚੰਡੀਗੜ੍ਹ ਹੈਡ ਆਫਿਸ ਨਾਲ ਗੱਲਬਾਤ ਕਰ ਰਹੇ ਹਾਂ । ਕਨਵੇਅਰ ਬੈਲਟ ਵਾਰੇ ਵੀ ਅਸੀਂ ਦੇਖ ਲਵਾਂਗੇ ।

ਅੰਤ ਵਿੱਚ ਮੇਅਰ ਜੀ ਨੇ ਦੱਸਿਆ ਕਿ ਕਾਫੀ ਕੌਂਸਲਰ ਸਾਥੀ ਮੀਟਿੰਗ ਤੋਂ ਚਲੇ ਗਏ ਹਨ ਇਸ ਲਈ ਅੱਜ ਦੀ ਇਹ ਮੀਟਿੰਗ ਇੱਥੇ ਹੀ ਮੁਲਤਵੀ ਕੀਤੀ ਜਾਂਦੀ ਹੈ ਅਤੇ ਅਗਲੀ ਮੀਟਿੰਗ ਲਈ ਸਭ ਨੂੰ ਨੋਟਿਸ ਭੇਜ਼ ਦਿੱਤਾ ਜਾਵੇਗਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.11.2020